

# ਸਾਜ਼ ਨਿਵਾਜ਼

ਅਜੀਤ ਸਿੰਘ ਲਾਇਲ

Namdhari Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

In order to continue conserving, digitising and publishing our numerous literature online, we are asking for your support and involvement.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

Digitising our treasures is an ambitious undertaking. Every page, every object, must be photographed individually and with great care. The whole photographic process including lighting, colour temperature, and environmental controls must all be precisely regulated. Post processing is also done with meticulous care including orientation, de-skewing, sizing and finally quality control to ensure the documents reflect the true state of the originals.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information about the process or your contribution - please contact

Email: NamdhariElibrary@gmail.com

kirpal singh chana

# ਸਾਸ਼ ਵਿਸਾਸ਼

ਕਵਿਤਾਵਾਂ

ਅਜੀਤ ਸਿੰਘ ਲਾਇਲ

ਅਸਥੈਟਿਕਸ ਪਬਲੀਕੇਸ਼ਨਜ਼
ਲੁਧਿਆਣਾ

Namdhari Elibrary NamdhariElibrary@gmail.com

Saaz Nawaaz
a collection of poems by
Ajit Singh Lyall

© Author

Ajit Singh Lyall
919, Urban Estate, Phase -2, Focal Point, Ludhiana
email: lyallajit@yahoo.com

First Published 2015

ISBN: 978-93-83092-35-2

Price Rs. 350-00

Concept, Layout & Design: Swarnjit Savi

Published By:
Aesthetics Publications
Ludhiana

Printed at
Artcave Printers
1978/2, Maharaj Nagar, St. 2, Ferozepur Road, Ludhiana.
Phone: +91 161 2774236.

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication maybe reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

## ਹਲਫਨਾਮਾ

ਮੈਂ ਇਹ ਦਾਅਵਾ ਨਹੀਂ ਕਰਦਾ ਕਿ ਇਸ ਪੁਸਤਕ ਵਿੱਚ ਛਪੀਆਂ ਰਚਨਾਵਾਂ ਕਾਵਿ-ਸ਼ੈਲੀ ਦੇ ਕਿਸੇ ਵਿਧਾ-ਵਿਧਾਨ ਦੀਆਂ ਹੱਦਾਂ ਬੰਨਿਆਂ ਵਿੱਚ ਬੱਝੀਆਂ ਹੋਈਆਂ ਹਨ। ਮੈਂ ਤਾਂ ਪੂਜਯ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਨ੍ਹਾਂ ਲੱਖਾਂ-ਲਖੂਖਾਂ ਮੁਰੀਦਾਂ ਵਿੱਚੋਂ ਹਾਂ ਜਿਨ੍ਹਾਂ ਨੂੰ ਉਸਦੀ ਸੀਰਤ ਤੇ ਸੂਰਤ ਨਾਲ ਇਸ਼ਕ ਵਰਗੀ ਮੁਹੱਬਤ ਰਹੀ ਏ। ਇਹ ਰਚਨਾਵਾਂ ਵੀ ਉਨ੍ਹਾਂ ਪਲਾਂ ਦੀ ਹੀ ਸਿਰਜਨਾ ਹਨ ਜਦੋਂ ਮੈਂ ਉਸਦੇ ਰੰਗ ਵਿੱਚ ਰੰਗਿਆ,ਅੰਦਰੋਂ ਬਾਹਰੋਂ ਇਕਸੁਰਤਾ ਤੇ ਇਕਮਿਕਤਾ ਦਾ ਅਨੰਦ ਮਾਣ ਰਿਹਾ ਵਿਸਮਾਦ ਮਈ ਅਵਸਥਾ ਮਹਿਸੂਸ ਕਰ ਰਿਹਾ ਹੁੰਦਾ ਹਾਂ। ਮੈਨੂੰ ਤੇ ਉਸਨੇ ਮਾਧਿਅਮ ਬਣਾ ਲੱਖਾਂ ਹਿਰਦਿਆਂ ਦੀ ਤਰਜਮਾਨੀ ਕਰਨ ਦਾ ਮਾਣ ਬਖਸ਼ਿਆ ਏ, ਉਸਦੀ ਇਸ ਰਹਿਮਤ ਨੂੰ ਕੋਟਿ-ਕੋਟਿ ....ਪ੍ਰਣਾਮ ...ਨਮਸਕਾਰ.....!!!

-ਅਜੀਤ ਸਿੰਘ ਲਾਇਲ

Namdhari Elibrary NamdhariElibrary@gmail.com



ਸਮਰਪਣ

ਉਸਨੂੰ

ਮੁਅੱਜ਼ਜੇ ਜੀਹਦੇ ਬੋਲਾਂ ਵਿਚ ਸਨ
ਰਹਿਮਤ ਜੀਹਦੀ ਨਿਗਾਹ ਵਿਚ ਸੀ
ਸ਼ਫ਼ਾ ਜੀਹਦੀ ਛੁਹ ਵਿਚ ਸੀ

ਜੀਹਦੇ ਬੋਲ ਸਾਡਾ ਸਿਮਰਨ
ਜੀਹਦੀ ਛੁਹ ਸਾਡੀ ਜ਼ਿੰਦਗੀ
ਜੀਹਦੇ ਬੋਲ ਸਾਡੀ ਬੰਦਗੀ ਬਣੇ

ਜਿਸਨੇ ਹਮੇਸ਼ਾਂ
ਬਿਖੜੇ ਰਾਹਾਂ ਦਾ ਰਾਹਗੀਰ ਬਨਣਾ ਪ੍ਰਵਾਨ ਕੀਤਾ
ਜਿਸਦੀ ਪੁੱਟੀ ਹਰ ਪੁਲਾਂਘ
ਕਿਸੇ ਕਰਾਮਾਤ ਤੋਂ ਘੱਟ ਨਹੀਂ ਸੀ

Namdhari Elibrary NamdhariElibrary@gmail.com



ਅਰਪਨ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ
ਸਿਫ਼ਤ-ਸਲਾਹ ਵਿੱਚ ਲਿਖੀਆਂ ਰਚਨਾਵਾਂ
ਦੀ ਪੁਸਤਕ 'ਸਾਜ਼ ਨਿਵਾਜ਼'
ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ
ਦੀ ਸੇਵਾ ਵਿੱਚ ਅਰਪਨ ਕਰਦਿਆਂ
ਅਪਾਰ-ਖ਼ੁਸ਼ੀ,ਆਤਮਿਕ-ਸਕੂਨ
ਅਤੇ ਰੂਹਾਨੀ-ਆਨੰਦ ਦਾ
ਅਨੁਭਵ ਹੋ ਰਿਹਾ ਹੈ।

-(ਅਜੀਤ ਸਿੰਘ ਲਾਇਲ)

Namdhari Elibrary NamdhariElibrary@gmail.com



Namdhari Elibrary NamdhariElibrary@gmail.com

ਤਨਹਾਈ
ਦੇ ਪਲਾਂ ਵਿਚ ,
ਜਦੋਂ ਮੈਂ
ਤਨਹਾਂ ਮਹਿਸੂਸ ਕਰਦਾ ਹਾਂ ।
ਤਾਂ ਮੈਨੂੰ
ਤੇਰੇ ਕਦਮਾਂ ਦੀ ਆਹਟ
ਸੁਣਾਈ ਦੇਂਦੀ ਏ ;
ਤੇ
ਯਖ਼ ਹੋਇਆ ਮੇਰਾ ਖ਼ੂਨ
ਤੇਰੇ ਸਾਹਾਂ ਦੇ ਨਿੱਘ ਨਾਲ
ਮੁੜ ਮੇਰੀਆਂ ਨਸਾਂ ਵਿਚ
ਦੌੜਨ ਲਗਦਾ ਏ ।
ਫਿਰ ਕਾਗਜ਼ ਹੁੰਦਾ ਏ
ਜਾਂ ਕਲਮ ...
ਮੈਂ ਨਹੀਂ
ਕਾਗਜ਼ ਦੀ ਇਸ ਕੈਨਵਸ ਤੇ
ਵਾਹੇ ਸ਼ਬਦ ਚਿੱਤਰ
ਮੈਨੂੰ ਮੇਰੇ ਨਹੀਂ ਜਾਪਦੇ
ਕੌਣ ਲਿਖਦਾ ਏ ?
ਕੌਣ ਲਿਖਵਾਉਂਦਾ ਏ
ਤੇਰੀਆਂ ਤੂੰ ਹੀ ਜਾਣੇ...


Namdhari Elibrary NamdhariElibrary@gmail.com



Namdhari Elibrary NamdhariElibrary@gmail.com

ਸੁੱਖ ਤੇਰੇ ਚਰਨਾਂ ਦੇ ਡਾਢੇ
ਸੰਸਾਰੀ ਸੁੱਖ ਨਿਗੂਣੇ ,
ਰਹਿਮਤ ਦੇ ਬੁੱਕ ਭਰ ਭਰ ਵੰਡੇਂ
ਫਿਰ ਕਿਉਂ ਰਹੀਏ ਊਣੇ ,
ਸਿਰ ਸਾਡੇ ਤੇ ਸਾਇਆ ਤੇਰਾ
ਜਨਮੀਂ ਅਸੀਂ ਹੰਢਾਈਏ ;
ਦੀਦ ਤੇਰੀ ਜੇ ਰਹੇ ਨਸੀਬੀਂ
ਪਲ ਨਾ ਰਹਿਣ ਵਿਹੂਣੇ ।



Namdhari Elibrary NamdhariElibrary@gmail.com



Namdhari Elibrary NamdhariElibrary@gmail.com

ਠੰਢ ਅਸਾਡੇ ਸੀਨੇ ਪੈਂਦੀ
ਹੋਠ ਕੋਮਲ ਜਦ ਖੋਹਲੇਂ ,
ਖੁਸ਼ੀ ਅਗੱਮੀ ਮਿਲਦੀ ਕੋਈ
ਅੱਖੀਆਂ ਥੀਂ ਜਦ ਬੋਲੇਂ ,
ਨਦਰ ਤੇਰੀ ਸੁੱਖ ਸਾਰੇ ਦਿੱਤੇ
ਛੁਹ ਨਸੀਬੀਂ ਹੋਵੇ ;
ਤੇਰੀ ਦੀਦ ਦੀਵਾਨੇ ਕੀਤਾ
ਰੱਖ ਚਰਨਾ ਦੇ ਕੋਲੇ।



Namdhari Elibrary NamdhariElibrary@gmail.com



Namdhari Elibrary NamdhariElibrary@gmail.com

ਮਾਖਿਓਂ ਮਿੱਠੇ ਬੋਲ ਤੁਸਾਂ ਦੇ
ਠੰਢ ਨੇ ਸੀਨੇ ਪਉਂਦੇ ,
ਜਾ ਤੁਸੀਂ ਆ ਕੇ ਵਿਚ ਵਜ਼ਦ ਦੇ
ਰੱਬੀ ਰਾਗ ਸੁਣਾਉਂਦੇ ,
ਅੰਮ੍ਰਿਤ-ਵੇਲਾ ਵਾਰ ਆਸਾ ਦੀ
ਤਊਸ਼ ਤਿਰੇ ਦੀਆਂ ਤਾਰਾਂ ;
ਪੋਟਿਆਂ ਦੀ ਛੁਹ ਪਾ ਕੇ ਸਾਈਆਂ
ਸਮਾਂ ਨੇ ਬੰਨ ਬਹਾਉਂਦੇ।



Namdhari Elibrary NamdhariElibrary@gmail.com



Namdhari Elibrary NamdhariElibrary@gmail.com

ਹੈ ਸਿੱਖੀ ਦੀ ਆਨ ਗੁਰ ਜਗਜੀਤ ਸਿੰਘ
ਤੇ ਸਿੱਖੀ ਦੀ ਸ਼ਾਨ ਗੁਰ ਜਗਜੀਤ ਸਿੰਘ ।
ਬੋਲ ਮਿੱਠੇ ਵਾਂਗ ਮਿਸ਼ਰੀ ਮਾਖਿਓਂ
ਵਾਹ ਤਿਰੀ ਮੁਸਕਾਨ ਗੁਰ ਜਗਜੀਤ ਸਿੰਘ ।
ਵੰਡਦਾ ਏ ਬੁੱਕ ਭਰ ਭਰ ਰਹਿਮਤਾਂ
ਬਹੁ ਕਰੇ ਅਹਿਸਾਨ ਗੁਰ ਜਗਜੀਤ ਸਿੰਘ ।
ਪ੍ਰੇਮ ਵਿਚ ਨਹੀਂ ਨੇਮ ਕੋਈ ਜਾਣਦਾ
ਭੀਲਣੀ ਲਈ ਰਾਮ ਗੁਰ ਜਗਜੀਤ ਸਿੰਘ ।
ਰਾਗ ਇਹਦੀ ਬੁੱਲੀਆਂ ਤੇ ਖੇਡਦਾ
ਸੰਗੀਤ ਦੀ ਹੈ ਤਾਨ ਗੁਰ ਜਗਜੀਤ ਸਿੰਘ ।
ਪਿਆਰ ਨਹੀ ! ਇਹ ਤਾਂ ਏ ਸੋਮਾਂ ਪਿਆਰ ਦਾ
ਮੋਹ ਦੀ ਹੈ ਖ਼ਾਨ ਗੁਰ ਜਗਜੀਤ ਸਿੰਘ ।
ਛੋਹ ਅੱਗੇ ਤੁੱਛ ਸੁੱਖ ਸੰਸਾਰ ਦੇ
ਜਾ ਦੁੱਖਾਂ ਦਾ ਘਾਣ ਗੁਰ ਜਗਜੀਤ ਸਿੰਘ ।
ਰਹਿਨੁਮਾ ਰਹਿਬਰ ਤੇ ਪੂਰਾ ਸਤਿਗੁਰੂ
ਧਰਮ ਤੇ ਇਮਾਨ ਗੁਰ ਜਗਜੀਤ ਸਿੰਘ ।
ਜੋ ਅਸੰਭਵ ਨੂੰ ਤੁਰਤ ਸੰਭਵ ਕਰੇ
ਓਸ ਦੀ ਪਹਿਚਾਣ ਗੁਰ ਜਗਜੀਤ ਸਿੰਘ।
ਪਾਤਰ ਹੈ ਹਰ ਜੀਵ ਦੇ ਸਤਿਕਾਰ ਦਾ
ਰਾਮ ਤੇ ਰਹਿਮਾਨ ਗੁਰ ਜਗਜੀਤ ਸਿੰਘ ।
ਜਹਿਮਤਾਂ ਨੂੰ ਰਹਿਮਤਾਂ ਨਾ ਕੱਟਦਾ
ਹਰ ਸਿੱਖ ਦਾ ਨਿਗਰਾਨ ਗੁਰ ਜਗਜੀਤ ਸਿੰਘ।



Namdhari Elibrary NamdhariElibrary@gmail.com



Namdhari Elibrary NamdhariElibrary@gmail com

ਏਡਾ ਅਲਬੇਲਾ
ਪਿਆਰਾ ਮਨ-ਮੋਹਣਾ ਤੇ ਨਿਆਰਾ ...
ਨਿਰਸੰਦੇਹ ਖ਼ੁਦ ਖ਼ੁਦਾ ਹੀ ਹੋਏਗਾ;
ਜਿਸਦੀ ਇਕ ਝਲਕ ਨੇ ਮੈਨੂੰ
ਦੀਵਾਨਾ-ਮਸਤਾਨਾ ਕਰ ਮੋਹ ਲਿਆ ।
ਹੈਰਾਨੀ ਦੀ ਤੇ ਹੱਦ ਹੀ ਹੋ ਗਈ;
ਜਦੋਂ ਉਸਦੀ ਪ੍ਰਤਿਮਾ, ਪ੍ਰਤੀਕ
ਸਿਮਰਨ ਤੇ ਵਜੂਦ ਨੂੰ
ਮੈਂ ਆਪਣੇ ਅੰਤਹਿਕਰਨ ਵਿਚ ਉਤਾਰਿਆ ।
ਗਜ਼ਬ ਸਾਂਈਂ ਦਾ
ਇਹ ਤਾਂ ਸੱਚ-ਮੁੱਚ ਕਰਾਮਾਤ ਹੀ ਵਾਪਰ ਗਈ ।
ਉਸਨੂੰ ਵੇਖਦਿਆਂ ਨਿਹਾਰਦਿਆਂ
ਪਿਆਰਦਿਆਂ ਸਤਿਕਾਰਦਿਆਂ
ਮੈਂ ਤੇ ਗੁਆਚ ਹੀ ਗਿਆ ਸਾਂ ।
ਇਹੀਓ ਤੇ ਮੇਰੀ
ਭਗਤੀ ਸ਼ਕਤੀ ਪ੍ਰੇਰਨਾ ਦਾ ਸਰੋਤ ਸੀ ।
ਮੈਂ ਤੇ ਮਦਹੋਸ਼
ਵਿਸਮਤ ਅਚੰਭਿਤ ਹੋਇਆ
ਉਸਨੂੰ ਵੇਖਦਾ ਹੀ ਰਹਿ ਗਿਆ ।
ਜੋ ਸੂਖਮ ਸਥੂਲ
ਅਗੰਮ ਅਗਾਧ
ਤੇ ਵਿਰਾਟ ਰੂਪ ਸੀ।
ਉਹਦੇ ਬੋਲ ਮੇਰਾ ਸਿਮਰਨ



Namdhari Elibrary NamdhariElibrary@gmail.com



Namdhari Elibrary NamdhariElibrary@

ਉਹਦੀ ਛੁਹ ਮੇਰੀ ਜ਼ਿੰਦਗੀ
ਉਹਦੀ ਦੀਦ ਮੇਰੀ ਬੰਦਗੀ ਹੋ ਨਿਬੜੀ ।
ਹੁਣ ਮੇਰੇ ਰੋਮ ਰੋਮ ਵਿਚ
ਰਗ ਰਗ ਵਿਚ
ਬੋਲਾਂ ਵਿਚ
ਸਾਹਾਂ ਵਿਚ
ਉਸੇ ਦਾ ਅਕਸ
ਸਾਫ਼ ਸ਼ਫ਼ਾਫ ਵਿਖਾਈ ਦੇ ਰਿਹਾ ਸੀ
ਮੈਂ ਤੇ ਹੁਣ ਲੱਭ ਹੀ ਨਹੀਂ ਸਾਂ ਰਿਹਾ
ਤੇ ਸ਼ਾਇਦ ਹੁਣ ਮੈਂ ਸਾਂ ਵੀ ਨਹੀਂ
ਉਹ ਹੀ ਸੀ ਕੇਵਲ ਤੇ ਕੇਵਲ ਉਹ ਹੀ...



Namdhari Elibrary NamdhariElibrary@gmail.com



Namdhari Elibrary NamdhariElibrary@gmail.com

ਚੜ੍ਹਦਿਆਂ ਸੂਰਜਾਂ ਦਾ ਰੰਗ ਕਿਵੇਂ ਮੱਚਦਾ
ਤੇਰੇ ਬਾਝੋਂ ਸਾਨੂੰ ਇਹ ਜਰਾ ਨਹੀਂ ਜੱਚਦਾ ।
ਚੜ੍ਹਦਿਆਂ ਸੂਰਜਾਂ ਦਾ ਰੰਗ ਕਿਵੇਂ ਦੱਗਦਾ
ਤੇਰੇ ਸਾਥ ਵਿਚ ਝੂਠਾ ਮੋਹ ਜਾਪੇ ਜੱਗ ਦਾ।
ਚੜ੍ਹਦਿਆਂ ਸੂਰਜਾਂ ਦੀ ਕੇਡੀ ਸੋਹਣੀ ਲਾਲੀ ਏ
ਝੂਠੀ ਤੋੜ ਪ੍ਰੀਤ ਸੱਚੀ ਤੇਰੇ ਨਾਲ ਪਾਲੀ ਏ।
ਚੜ੍ਹਦਿਆਂ ਸੂਰਜਾਂ ਦੀ ਤੋਰ ਨਹੀਂ ਰੁਕਦੀ
ਵਿੱਛੜ ਕੇ ਹਿੱਕ ਸਾਡੀ ਜਾਪੇ ਜਿਓਂ ਧੁੱਖਦੀ ।
ਚੜ੍ਹਦਿਆਂ ਸੂਰਜਾਂ ਨੂੰ ਰੋਕ ਸਕੇ ਕੌਣ ਵੇ
ਸਹਿ ਨਹੀਂ ਹੁੰਦਾ ਤੇਰੀ ਬੁੱਲ੍ਹੀਆਂ ਦਾ ਮੌਨ ਵੇ ।
ਚੜ੍ਹਦਿਆਂ ਸੂਰਜਾਂ ਦੀ ਜਾਣੇ ਕੌਣ ਪੀੜ ਵੇ
ਸਾਡੀ ਗੱਲ ਆਖੇ ਸਾਡੀ ਅੱਖੀਆਂ ਦਾ ਨੀਰ ਵੇ।
ਚੜ੍ਹਦਿਆਂ ਸੂਰਜਾਂ ਦਾ ਮੁੱਖ ਕਿਵੇਂ ਦੱਗਦਾ
ਕਸਮ ਖ਼ੁਦਾ ਦੀ ਤੂੰ ਏਂ ਨੂਰ ਨਿਰਾ ਰੱਬ ਦਾ ।
ਚੜ੍ਹਦਿਆਂ ਸੂਰਜਾਂ ਦਾ ਨਿੱਘ ਜਿਵੇਂ ਆਉਂਦਾ ਏ
ਤੇਰਾ ਦੀਦਾਰ ਸੀਨੇ ਇੰਝ ਠੰਢ ਪਉਂਦਾ ਏ।
ਡੁੱਬਦਿਆਂ ਸੂਰਜਾਂ ਦਾ ਰੰਗ ਸਾਨੂੰ ਭਾਏ ਨਾ
ਤੇਰੇ ਬਿਨ ਦਿਨ ਸਾਡੀ ਜ਼ਿੰਦਗੀ 'ਚ ਆਏ ਨਾ।



Namdhari Elibrary NamdhariElibrary@gmail.com



Namdhari Elibrary NamdhariElibrary@gmail.com

ਤੁਸਾਂ ਦੀ ਯਾਦ ਆਈ ਤਾਂ
ਖੰਭਾਂ ਦਾ ਖਿਆਲ ਆਇਆ
ਕਿਸੇ ਮੁੱਲੋਂ ਜੇ ਮਿਲ ਜਾਂਦੇ
ਮੈਂ ਝੱਟ ਨੂੰ ਪਹੁੰਚ ਜਾਣਾ ਸੀ ।
ਮਿਲ ਜਾਂਦੇ ਜੇ ਮਨ ਦੇ ਕੇ
ਤਨ ਦੇ ਕੇ, ਜਾਂ ਸਾਹ ਦੇ ਕੇ
ਲਊਂਦਾ ਦੇਰ ਨਾ ਲਾ ਕੇ
ਮੈਂ ਝੱਟ ਨੂੰ ਪਹੁੰਚ ਜਾਣਾ ਸੀ।
ਕਿਤੇ ਤਾਂ ਕਸਰ ਹੈ ਕੋਈ
ਮੇਰੀ ਹੀ ਵੇਦਨਾ ਅੰਦਰ
ਤੁਸਾਂ ਤੱਕ ਪੁੱਜ ਜਾਂਦੀ ਤਾਂ
ਤੁਸਾਂ ਝੱਟ ਪਹੁੰਚ ਜਾਣਾ ਸੀ।
ਬੜਾ ਪੁਰਾਤਨ ਫ਼ਲਸਫਾ ਹੈ
ਇਸ਼ਕ ਦੇ ਏਸ ਆਲਮ ਦਾ
ਪ੍ਰੀਤ ਜਦ ਯਾਦ ਕਰਦੀ ਹੈ
ਪ੍ਰੀਤਮ ਪਹੁੰਚ ਜਾਂਦਾ ਏ ।
ਇਵੇਂ ਵਿਸ਼ਵਾਸ਼ ਹੈ ਸਾਡਾ
ਕਿ ਆਪਣਾ ਬਿਰਦ ਪਾਲਣ ਲਈ
ਕਿਤੇ ਕੋਈ ਭੀੜ ਜਦ ਪੈ ਗਈ
ਤੁਸਾਂ ਝੱਟ ਪਹੁੰਚ ਜਾਣਾ ਹੈ।



Namdhari Elibrary NamdhariElibrary@gmail.com



Namdhari Elibrary NamdhariElibrary@gmail.com

ਆਏ ਹੋ ਸਾਡਾ ਤਨ ਮਨ ਮੌਲਿਆ
ਖ਼ੰਭ ਚਾਵਾਂ ਨੂੰ ਲੱਗੇ ,
ਸੀਤ ਪੌਣ ਜਿਵੇਂ ਵਿਚ ਹਾੜਾਂ
ਆਣ ਪਹਾੜੋਂ ਵੱਗੇ ,
ਜਾਂ ਫਿਰ ਪੋਹ ਮਾਘ ਦੀਆਂ ਰਾਤਾਂ
ਨਿੱਘੀਆਂ ਤੇਰੇ ਸਾਹੀਂ;
ਨਦਰ,ਬੋਲ ਤੇਰੀ ਛੋਹ ਮਿਲ ਜਾਇ
ਸਾਨੂੰ ਰੱਬੀ ਰਹਿਮਤ ਲੱਗੇ।



Namdhari Elibrary NamdhariElibrary@gmail.com



Namdhari Elibrary NamdhariElibrary@gmail.com

ਮੇਰੀ ਜ਼ਿੰਦਗੀ ਬੰਦਗੀ ਵਜੂਦ
ਤੇ ਹੋਂਦ
ਤੇਰਾ ਸਾਇਆ
ਛੋਹ ਪਿਆਰ ਤੇ ਮੋਹ ਹੀ ਤਾਂ ਏ ।
ਤੇਰੇ ਬਿਨ ਮੈਂ ਜੰਮਦਾ ਮਰਦਾ
ਕਤਲ ਹੁੰਦਾ ਤੇ ਕਤਲ ਕਰਦਾ ਹਾਂ।
ਆਤਮ-ਦਾਹ ਵੀ
ਮੇਰੇ ਅੰਦਰ ਉੱਗਦਾ ਏ
ਉਦੋਂ
ਜਦੋਂ ਮੈਂ ਹੁੰਦਾ ਹਾਂ
ਮੇਰੇ ਕੋਲ ਤੂੰ ਨਹੀਂ ਹੁੰਦਾ
ਨਾ ਹੀ ਤੇਰਾ ਵਜੂਦ ਪ੍ਰੇਰਨਾ ਪ੍ਰਤੀਕ
ਜਾਂ ਸਾਇਆ ਹੀ ਹੁੰਦਾ ਏ।
ਪਰ ਤੂੰ ਕੇਡਾ ਬੇਅੰਤ ਏਂ
ਆਦਿ- ਅਨਾਦੀ ਬੇਅੰਤ
ਆਦਿ- ਜੁਗਾਦੀ ਬੇਅੰਤ
ਤੈਂਡੇ ਹੋਣ ਤੇ ਮਾਣ ਏ ਸਾਨੂੰ ।
ਅਚਨਚੇਤੀ ਜਦੋਂ ਤੇਰੀ ਉਂਗਲ
ਸਾਥੋਂ ਛੁਟਦੀ ਏ
ਤੂੰ ਝੱਟ ਨੂੰ ਪੱਲ ਨੂੰ ਬਹੁੜ ਪੈਨਾ ਏਂ
ਮਤੇਂ ਸਾਡਾ ਆਪਾ ਹੀ ਨਾ ਗੁਆਚ ਜਾਏ
ਫਿਰ ਦੁਨਿਆਵੀ ਝੱਖੜਾਂ ਚੋਂ



Namdhari Elibrary NamdhariElibrary@gmail.com



Namdhari Elibrary NamdhariElibrary@gmail.com

ਵਰ੍ਹਦੇ ਅੰਗਾਰਾਂ ਚੋਂ
ਤੂਫ਼ਾਨੀ ਛੱਲਾਂ ਚੋਂ
ਜ਼ਿੰਦਗੀ ਦੀਆਂ ਹਾਰਾਂ ਚੋਂ ਧੂਹ
ਆਪਣੀ ਬੁੱਕਲ ਵਿਚ
ਲਕੋ ਲੈਂਦਾ ਏਂ
ਤੇਰੀ ਅਨੰਤਤਾ ਬੇਅੰਤਤਾ ਦਾ
ਅਹਿਸਾਸ ਹੁੰਦਾ ਏ
ਸਾਡੇ ਆਪੇ ਉਗਮੇ ਆਪੇ ਨੂੰ
ਤੂੰ ਆਪ ਬੇ-ਅੰਤ ਜੂ ਏਂ
ਅ-ਨੰਤ ਜੂ ਏਂ
ਦਿਸ-ਹੱਦਿਆਂ ਤੱਕ ਫੈਲਿਆ ਹੋਇਆ
ਜਿਥੇ ਧਰਤ ਤੇ ਆਕਾਸ਼ ਮਿਲਦੇ ਹਨ...।



Namdhari Elibrary NamdhariElibrary@gmail.com



Namdhari Elibrary NamdhariElibrary@gmail com

ਤੂੰ ਹੋਵੇਂ ਤਾਂ ਸਭ ਕੁਝ ਮੈਂਨੂੰ
ਮੇਰਾ ਮੇਰਾ ਜਾਪੇ,
ਤੇਰੇ ਬਾਝੋਂ, ਮੇਰੇ ਸੁਹਣੇ
ਪੱਲ ਵੀ ਜਾਂਣ ਸਰਾਪੇ,
ਸ਼ਾਲਾ !ਰਹਿਮਤ ਹੋ ਮੇਘਲਾ
ਵਿਚ ਹਯਾਤੀ ਵਰਸੇ;
ਸਾਥ ਤੇਰੇ ਵਿਚ ਖ਼ੁਸ਼ੀਆਂ ਤੇ ਪਲ
ਜਾਣ ਨਾ ਮੈਥੋਂ ਨਾਪੇ ।



Namdhari Elibrary NamdhariElibrary@gmail.com



Namdhari Elibrary NamdhariElibrary@gmail.com

ਦੀਨਾ-ਬੰਧੂ
ਪੱਥਰ ਤੇ ਆਦਿ ਕਾਲ ਤੋਂ
"ਤੁਸਾਂ ਦੀ ਛੁਹ ਪਾ ਮੋਮ ਹੁੰਦੇ ਰਹੇ ਨੇ ।
ਨਿਮਾਣਿਆਂ ਨੂੰ
ਤੁਸਾਂ ਮੁੱਢ ਕਦੀਮ ਤੋਂ
ਮਾਣ ਬਖਸ਼ਿਆ ਏ ।
ਸੁੰਨਸਾਨ ਜੰਗਲ ਨਿਰਜਿੰਦ ਬੀਆਬਾਨਾਂ ਨੂੰ
ਜਿੰਦਗੀ ਦੇਣਾ ਤੁਸਾਂ ਦਾ
ਸਦੀਵੀ ਸੁਭਾਉ ਰਿਹਾ ਏ ।
ਅਨੇਕਾਂ ਟਿੱਬੇ
ਤਸਾਂ ਦੀ ਰਹਿਮਤ ਨਾਲ
ਨਖ਼ਲਿਸਤਾਨ ਬਣੇ ਨੇ ।
ਤੁਸਾਂ ਦੇ ਕਦਮ ਚੁੰਮ
ਕੱਕੀ ਰੇਤ
ਜਰਖ਼ੇਜ਼ ਭੋਇੰ ਵਿਚ ਬਦਲ ਜਾਂਦੀ ਏ ।
ਤੁਸੀਂ ਨਵੇਂ ਦਿਸਹੱਦਿਆਂ ਦੇ
ਸਿਰਜਨਹਾਰ ਵੀ ਹੋ।
ਨਾ-ਸ਼ੁਕਰਿਆਂ ਤੇ ਵੀ
ਤੁਸਾਂ ਦੀ ਰਹਿਮਤ ਵਰਸਦੀ ਏ।
ਅ-ਜਰਿਆਂ ਨੂੰ ਜਰਨਾ
ਤੁਸਾਂ ਦੇ ਹਿੱਸੇ ਆਇਆ ਏ ।
ਅਕ੍ਰਿਤਘਣਾ ਨੂੰ ਬਖ਼ਸ਼ਣਾ
ਤੁਸਾਂ ਦੀ ਫ਼ਿਤਰਤ ਏ।
ਉਚੱਕਿਆਂ ਤੇ ਵੀ ਵਿਸ਼ਵਾਸ਼ ਕਰਨਾ,


Namdhari Elibrary NamdhariElibrary@gmail.com



Namdhari Elibrary NamdhariElibrary@gmail.com

ਦੁਸ਼ਮਣਾਂ ਨੂੰ ਗਲ਼ੇ ਲਉਣਾ
ਤੁਸਾਂ ਦੀ ਵਡਿਆਈ ਏ।
ਤੁਸੀਂ ਬੇ-ਅੰਤ ਜੂ ਹੋਏ
ਬੇ-ਅੰਤਤਾ ਤਾਂ ਤੁਸਾਂ ਦੇ
ਬੋਲਾਂ ਵਿਚ ਏ
ਨਿਗਾਹ ਵਿਚ ਏ
ਸੁਭਾਓ ਵਿਚ ਏ..



Namdhari Elibrary NamdhariElibrary@gmail.com



Namdhari Elibrary NamdhariElibrary@gmail.com

ਵਾਹੁ ਅਲਬੇਲੇ ਪ੍ਰੀਤਮ ਮੇਰੇ
ਕਣ ਕਣ ਦੇ ਵਿਚ ਵਸਨੈਂ,
ਆਪੂੰ ਜਗਤ ਤਮਾਸੇ ਲਾਇਆ
ਆਪ ਖੜ੍ਹਾ ਪਿਆ ਤੱਕਨੈਂ ,
ਚੋਜ ਤੇਰੇ ਤਕ ਚੋਜੀ ਪ੍ਰੀਤਮ
ਹੋ ਜਾਈਏ ਲਟਬੌਰੇ;
ਚਾੜ੍ਹ ਅਕਾਸ਼ੀਂ ਸਾਡੀਆਂ ਸੋਚਾਂ
ਆਪੂੰ ਡੋਰੀ ਕਸਨੈਂ



Namdhari Elibrary NamdhariElibrary@gmail.com



Namdhari Elibrary NamdhariElibrary@gmail com

ਤੇਰਾ ਵੇਖ ਅਡੰਬਰ ਸਭ ਥਾਂ
ਸਾਨੂੰ ਸਮਝ ਨਾ ਆਏ ,
ਕੀਕਣ ਦਿਨ ਤੇ ਰਾਤ ਬਣਾਏ
ਮੌਸਮ ਕਿੰਝ ਰਚਾਏ ,
ਜੀਅ ਜੰਤ ਸਿਰਜੀ ਸਭ ਕਾਇਆਂ
ਕਿੰਝ ਨੇ ਫੱਲ ਫੁੱਲ ਕੀਤੇ ;
ਅਕਲ ਹੈਰਤਾਂ ਗੁੰਮ ਹੁੰਦੀਆਂ
ਸਮਝ ਸਾਡੀ ਚਕਰਾਏ ।



Namdhari Elibrary NamdhariElibrary@gmail.com



Namdhari Elibrary NamdhariElibrary@gmail.com

ਸਾਡੇ ਰੁੱਖੇ ਪਲਾਂ ਨੂੰ ਸੰਗੀਤ ਨਾਲ ਰੰਗਦੈ
ਬੜਾ ਕੁਝ ਦਿੱਤੈ ਸਾਥੋਂ ਕੁਝ ਵੀ ਨਾ ਮੰਗਦੈ
ਯਾਦਾਂ ਵਿਚ ਲਿਖੀ ਹਰ ਕੂਕੇ ਦੀ ਜ਼ੁਬਾਨੀ ਏਂ
ਪਲ ਪਲ ਲਿਖੀ ਉਹਨੇ ਨਵੀਂ ਹੀ ਕਹਾਣੀ ਏਂ

ਕੋਮਲ ਕਰੂੰਬਲਾਂ ਨੂੰ ਸਰਗਮਾਂ ਸਖਾਂਵਦੈ
ਬੰਦਸ਼ਾਂ ਤੇ ਰੀਤਾਂ ਕੋਲ ਬੈਠ ਸਮਝਾਂਵਦੈ
ਰੁੱਸਿਆ ਨਾ ਜਦੋਂ ਕੋਈ ਦੇ ਗਿਆ ਝਕਾਨੀ ਏਂ
ਪਲ ਪਲ...
ਆਣ ਦਹਲੀਜ਼ੀਂ ਕੋਈ ਆਸ ਨਾਲ ਖੜ੍ਹਦੈ
ਰਹਿਮਤ ਰੂਹਾਨੀ ਨਾਲ ਝੋਲ ਉਹਦੀ ਭਰਦੈ
ਸੁਣੀਓਂ ਸੁਣਾਈ ਨਹੀਂ ਹੰਢਾਈ ਜਿਸਮਾਨੀ ਏਂ
ਪਲ ਪਲ...
ਜੌਹਰੀਆਂ ਦਾ ਜੌਹਰੀ ਅਤੇ ਲਾਲਾਂ ਦਾ ਵਿਉਪਾਰੀ ਏ
ਔਖੀਆਂ ਅੜੌਣੀਆਂ ਤੇ ਖੇਡਾਂ ਦਾ ਖਿਡਾਰੀ ਏ
ਐਵੇਂ ਨਹੀਂ ਦੁਨੀਆਂ ਓਸ ਦੀ ਦੀਵਾਨੀ ਏਂ
ਪਲ ਪਲ .
ਔਝੜ ਉਜਾੜੀਂ ਪੱਗ ਡੰਡੀਆਂ ਬਣਾਂਵਦੈ
ਸਾਨੂੰ ਪਿਛੋਂ ਤੋਰੇ ਪਹਿਲੋਂ ਆਪ ਲੀਹਾਂ ਪਾਂਵਦੈ
ਮੇਰੀ ਤੇਰੀ ਇਹਦੀ ਉਹਦੀ ਸਭ ਦੀ ਕਹਾਣੀ ਏਂ
ਪਲ ਪਲ...


Namdhari Elibrary NamdhariElibrary@gmail.com



Namdhari Elibrary NamdhariElibrary@gmail com

ਚੰਦ ਤੇ ਚਕੋਰ ਦੀ ਪ੍ਰੀਤ ਜੱਗ ਜਾਣਦੈ
ਧਰ ਅਤੇ ਰਵਿ ਇਕ ਯੁਜ ਪਹਿਚਾਣਦੈ
ਸਾਡੀ ਵੀ ਤਾਂ ਪ੍ਰੀਤ ਇਵੇਂ ਯੁਗਾਂ ਤੋ ਪੁਰਾਣੀ ਏਂ
ਪਲ ਪਲ..
ਆਸ਼ਕੀ ਦੀ ਗਾਥਾ ਉਂਝ ਜੱਗ ਸਾਰਾ ਪੜ੍ਹਦੈ
ਇਸ਼ਕ ਹਕੀਕੀ ਬਿਨ ਕੌਣ ਸੂਲੀ ਚੜ੍ਹਦੈ
ਸਾਹਾਂ ਨਾਲ ਨਿਭੇ ਜਿਹੜੀ ਉਹੀ ਜੱਗ ਜਾਣੀ ਏਂ
ਪਲ ਪਲ...



Namdhari Elibrary NamdhariElibrary@gmail.com



ਤੱਕਣੀ ਤੇਰੀ ਸੀਨੇ ਦੇ ਵਿਚ ਠੰਢ ਜਹੀ ਪਉਂਦੀ ਲੱਗਦੀ,
ਮੁੱਖੜੇ ਦੀ ਮੁਸਕਾਨ ਅਸਾਨੂੰ ਹੋਸ਼ ਭੁਲਾਵੇ ਜੱਗ ਦੀ,
ਚਰਨ ਕੰਵਲ ਦੀ ਛੂਹ ਪ੍ਰੀਤਮ ਸੁੱਖ ਅਗੰਮੀ ਦੇਵੇ,
ਰਹਿਮਤ ਤੇਰੀ ਸਭਨਾ ਦੇ ਲਈ ਕੰਢਿਆਂ ਉਤੋਂ ਵੱਗਦੀ।



Namdhari Elibrary NamdhariElibrary@gmail.com



Namdhari Elibrary NamdhariElibrary@gmail com

ਇਹ ਤੱਸਬੀ ਵੀ ਇਕ ਸਾਧਨ ਏ
ਤੇ ਸਾਧਨ ਹੀ ਨਹਾਉਣਾ ਹੈ
ਇਹ ਸਾਧਨ ਵੀ ਜਰੂਰੀ ਨੇ
ਇਬਾਦਤ ਉਸਨੂੰ ਪਉਣਾ ਹੈ।

ਇਬਾਦਤ ਉਸਦਾ ਤੱਕਣਾ ਹੈ
ਇਬਾਦਤ ਉਸਦਾ ਚਹੁਣਾ ਹੈ
ਇਬਾਦਤ ਆਪਾ ਛੱਡਣਾ ਹੈ
ਇਬਾਦਤ ਉਸਦਾ ਹੋਣਾ ਹੈ।

ਇਬਾਦਤ ਉਸਦੇ ਬੁੱਲਾਂ ਚੋਂ
ਨਿਕਲੇ ਬੋਲ ਜੋ ਰੱਬੀ
ਉਨ੍ਹਾਂ ਅਨੁਸਾਰ ਜਿਊਣਾ ਹੈ
ਉਨ੍ਹਾਂ ਅਨੁਸਾਰ ਰਹਿਣਾ ਹੈ।

ਇਬਾਦਤ ਹੈ ਖਿਮਾਂ ਕਰਨਾ
ਇਬਾਦਤ ਹੈ ਨਿਮਰ ਹੋਣਾ
ਇਬਾਦਤ ਹੈ ਉਹਦੀ ਖ਼ਲਕਤ
ਦਾ ਰਲਕੇ ਦੁੱਖ ਵੰਡਾਉਣਾ।

ਦਰ ਪ੍ਰਵਾਨ ਹੋ ਜਾਣਾ
ਇਬਾਦਤ ਦਾ ਫ਼ਲਸਫਾ ਹੈ
ਮਿਲੇ ਉਹਦੀ ਜੇ ਦਰਬਾਨੀ
ਜਿੰਦਗੀ ਦੀ ਸਫਲਤਾ ਹੈ

ਇਬਾਦਤ ਆਪਣੇ ਦਿਲਬਰ ਦਾ
ਲਬਾਂ ਤੇ ਨਾਮ ਲੈਣਾ ਹੈ
ਉਹਦੀ ਰੱਬੀ ਰਜ਼ਾ ਅੰਦਰ
ਸਦਾ ਹੀ ਰਾਜੀ ਰਹਿਣਾ ਹੈ।



Namdhari Elibrary NamdhariElibrary@gmail.com



Namdhari Elibrary NamdhariElibrary@gmail.com

ਦੀਨਾ-ਬੰਧੂ
ਤੇਰੀ ਬਖ਼ਸ਼ਿਸ਼,
ਤੇਰੀ ਰਹਿਮਤ,
ਬੇਅੰਤ ਏ।
ਜਿਸ ਸਾਡੇ ਲਫ਼ਜ਼ਾਂ ਨੂੰ
ਵੱਗਦੇ ਦਰਿਆਵਾਂ ਜਿਹੀ ਰਵਾਨੀ ,
ਗਹਿਰੇ ਸਾਗਰਾਂ ਜਿਹੀ ਡੂੰਘਾਈ
ਅਤੇ
ਦਿਸਹੱਦਿਆਂ ਤੱਕ ਫੈਲੀ
ਅਸਮਾਨੀ ਬੁੱਕਲ ਜਿਹੀ
ਵਿਸ਼ਾਲਤਾ ਬਖ਼ਸ਼ੀ ਏ ।
ਜਿਨ੍ਹਾਂ ਵਿਚ ਨਿੱਘ ਹੈ
ਤੇਰੇ ਕੋਸੇ ਕੋਸੇ ਸਾਹਾਂ ਦੀ ,
ਮਹਿਕ ਹੈ
ਤੇਰੀ ਰੂਹਾਨੀਅਤ ਦਾ
ਖੇੜਾ ਹੈ
ਤੇਰੀ ਨੂਰੀ ਮੁਸਕ੍ਰਾਹਟ ਵਰਗਾ ,
ਸੂਹਜ ਹੈ
ਤੇਰੀ ਅਨੂਪਮ ਤੇ ਦਿਲਕੱਸ਼ ਕਾਇਨਾਤ ਦਾ ।
ਇਸੇ ਲਈ
ਤੇਰੀ ਸਿਫ਼ਤ ਸਲਾਹ ਕਰਦਿਆਂ
ਸਾਨੂੰ



Namdhari Elibrary NamdhariElibrary@gmail.com


Namdhari Elibrary
Namdhari

ਇਹ ਲਫ਼ਜ਼
ਮੋਤੀਆਂ ਹੀਰਿਆਂ ਵਾਂਗ ਜਾਪਦੇ ਨੇ
ਪਰ
ਤੇਰੇ ਸਨਮੁੱਖ
ਜਦੋਂ ਅਸੀਂ
ਇਨ੍ਹਾਂ ਮੋਤੀਆਂ ਤੇ ਹੀਰਿਆਂ ਨੂੰ
ਤੇਰੀ
ਜ਼ਾਹਰਾ-ਜ਼ਹੂਰੀ
ਹਾਜ਼ਰਾ ਹਜ਼ੂਰੀ
ਵਿਚ ਭੇਟ ਕਰਨਾ ਲੋਚਦੇ ਹਾਂ
ਤਾਂ ਸਾਡੇ ਬੁੱਲ੍ਹ ਭੀਚੇ ਜਾਂਦੇ ਹਨ
ਕੁਝ ਕਹਿਣ ਤੋਂ ਅਸਮਰਥ
ਲਾਚਾਰ
ਮੂਕ ਦਰਸ਼ਨਾਰਥੀਆਂ ਵਾਂਗ ।
ਫਿਰ ਇਹੀਓ ਲਫ਼ਜ਼,
ਸਾਡੀ ਵੇਦਨਾ ਆਖਣ ਲਈ ,
ਅੱਥਰੂ ਬਣ, ਸਾਡੀਆਂ ਅੱਖੀਆਂ ਦੇ
ਕੋਨਿਆਂ ਥੀਂ
ਸ਼ਬਨਮ ਦੇ ਮੋਤੀ ਬਣ
ਕਿਰਨ ਲੱਗਦੇ ਹਨ ।
ਤੇਰੇ ਚਰਨ-ਕੰਵਲਾਂ ਤੇ
ਸਾਡੀ ਵੇਦਨਾ ਦਾ



Namdhari Elibrary NamdhariElibrary@gmail.com



Namdhari Elibrary NamdhariElibrary@gmail.com

ਸ਼ਾਕਾ ਵਾਹੁਣ ਲਈ ।
ਬੇ-ਸ਼ੱਕ
ਤੇਰੀ ਰਹਿਮਤ ਦੀ ਨਿਗਾਹ
ਪੱਥਰਾਂ ਨੂੰ ਪਿਘਲਾ ਦਿੰਦੀ ਏ
ਤੇ
ਇਹ
ਅੱਖੀਆਂ ਚੋਂ ਵੱਗ ਰਹੇ
ਅੱਥਰੂ ਵੀ ਤੇ
ਮੋਤੀ-ਹੀਰੇ ਹੀ ਨੇ
ਜੋ
ਤੇਰੀ ਹਾਜ਼ਰਾ ਹਜ਼ੂਰੀ ਵਿਚ
ਜਾਹਰਾ ਜ਼ਹੂਰੀ ਵਿਚ
ਤੇਰੇ ਸਾਹਵੇਂ
ਠੋਸ ਤੋਂ ਤਰਲ ਹੋ
ਸਾਡੇ ਦੀਦਿਆਂ ਥੀਂ
ਵਹਿ ਤੁਰਦੇ ਨੇ
ਮੋਮ ਹੋ ਰਹੇ ਪੱਥਰਾਂ ਵਾਂਗ
ਮੋਮ ਹੋ ਰਹੇ ਪੱਥਰਾਂ ਵਾਂਗ...



Namdhari Elibrary NamdhariElibrary@gmail.com



Namdhari Elibrary NamdhariElibrary@gmail.com

ਝੋਲੀਆਂ ਲੁਕਾਈ ਦੀਆਂ ਰਹਿਮਤਾਂ ਨਾ ਭਰਦੈ
ਲੱਪਾਂ ਨਾਲ ਦੇਵੇ ਤੇ ਹਿਸਾਬ ਵੀ ਨਹੀਂ ਕਰਦੈ
ਵੰਡਿਆ ਨਾ ਮੁਕਦੈ ਅਤੁੱਟ ਹੀ ਭੰਡਾਰਾ ਏ
ਗੁਰੂ ਜਗਜੀਤ ਸਾਰੇ ਜੱਗ ਤੋਂ ਨਿਆਰਾ ਏ

ਅਉਗਣ ਅਨੇਕ ਅਸੀਂ ਦਿਨੇ-ਰਾਤ ਕਰਦੇ
ਕੇਡਾ ਵੱਡਾ ਜੇਰਾ ਜੋ ਅਜਰਿਆਂ ਨੂੰ ਜਰਦੇ
ਸਾਰੀ ਹੀ ਲੁਕਾਈ ਦੀਆਂ ਅੱਖੀਆਂ ਦਾ ਤਾਰਾ ਏ
ਗੁਰੂ ਜਗਜੀਤ...

ਸੂਰਜ ਦੇ ਵਾਂਗ ਡਾਢਾ ਤੇਜ਼ ਇਹਦਾ ਜਾਪਦੈ
ਉਂਝ ਵੀ ਸਰੂਪ ਨਿਰਾ ਵੱਡ-ਪ੍ਰਤਾਪ ਦਾ
ਨਾਨਕ ਦਾ ਵਾਰਿਸ ਤੇ ਜੱਗ ਦਾ ਸਹਾਰਾ ਏ
ਗੁਰੂ ਜਗਜੀਤ...

ਕੱਕੀ ਕੱਕੀ ਰੇਤ ਸੁਹਣੀ ਚਰਨੀ ਜਾ ਲੱਗਦੀ
ਮਾਰਦੀ ਸੁਨਹਿਰੀ ਭਾਅ ਸੋਨੇ ਵਾਂਗੂੰ ਦੱਗਦੀ
ਅੰਬਰਾਂ ਤੋਂ ਉੱਚਾ ਉਹ ਨਸੀਬ ਦਾ ਸਿਤਾਰਾ ਏ
ਗੁਰੂ ਜਗਜੀਤ...

ਰੂਪ ਹੈ ਅਨੂਪ ਕੀ ਜਲਾਲ ਇਹਦੇ ਮੁੱਖ ਦਾ
ਰੱਖਦੈ ਖਿਆਲ ਸਾਡੇ ਦੁੱਖ ਅਤੇ ਸੁੱਖ ਦਾ
ਦੁਖੀਆਂ ਗਰੀਬਾਂ ਦਾ ਇਹੀਓ ਹੀ ਸਹਾਰਾ ਏ


Namdhari Elibrary NamdhariElibrary@gmail.com



Namdhari Elibrary NamdhariElibrary@gmail com

ਗੁਰੂ ਜਗਜੀਤ...
ਰਾਗਾਂ ਚ ਸੰਗੀਤ ਰਸ-ਭਿੰਨਾਂ ਜਦੋਂ ਕਿਰਦਾ
ਸੁਣ ਕੇ ਗੁਲਾਬ ਵਾਂਗੂੰ ਖਿੜ ਜਾਵੇ ਹਿਰਦਾ
ਧਰੁਪਦ ਤਿਹਾਈਆਂ ਦਾ ਸੁਮੇਲ ਹੀ ਨਿਆਰਾ ਏ
ਗੁਰੂ ਜਗਜੀਤ...

ਮਿੱਠੇ ਮਿੱਠੇ ਬੋਲ ਦੁੱਖ ਦੁੱਖੀਆਂ ਦਾ ਹਰਦੇ
ਦੁੱਖਾਂ ਨੂੰ ਵਟਾ ਕੇ ਝੋਲ ਸੁੱਖਾਂ ਨਾਲ ਭਰਦੇ
ਕੋਈ ਨਾ ਸਹਾਰਾ ਜਿਹਦਾ, ਉਹਦਾ ਇਹ ਸਹਾਰਾ ਏ
ਗੁਰੂ ਜਗਜੀਤ...


Namdhari Elibrary NamdhariElibrary@gmail.com



Namdhari Elibrary NamdhariElibrary@gmail.com

ਵਿੱਚ ਪਰਦੇਸੀਂ ਸੁੱਖ ਵੰਡੀਦੋਂ ਅਸੀਂ ਹੋਏ ਕੱਲ-ਮੁਕੱਲੇ
ਤੂੰ ਸਾਡੀ ਅੱਖੀਆਂ ਲਈ ਚਾਨਣ ਬਾਝੋਂ ਝੱਲ-ਵਲੱਲੇ
ਦਿਨ ਵੀ ਸਾਨੂੰ ਤੇਰੇ ਬਾਝੋਂ ਸੈ ਵਰ੍ਹਿਆਂ ਜਿਉਂ ਲੰਘੇ
ਜਿੰਦ ਲਬਾਂ ਤੇ ਆਈ ਜੀਕੂੰ ਹੁਣ ਵੀ ਚੱਲੇ ਚੱਲੇ ।



Namdhari Elibrary NamdhariElibrary@gmail.com



Namdhari Elibrary NamdhariElibrary@gmail.com

ਤੇਰਾ ਉਹ ਗੁਣ-ਗਣਾਉਣਾ
ਤੇ ਗੀਤ ਰੱਬੀ ਗਉਣਾ
ਸੰਗੀਤ ਦਾ ਉਹ ਆਲਮ
ਰਾਹੀਆਂ ਨੇ ਰੁਕ ਖਲੋਣਾ ।

ਛੁਹ ਪੋਟਿਆਂ ਦੀ ਪਾ ਕੇ
ਤਾਰਾਂ ਚੋਂ ਰਾਗ ਝਰਨਾ
ਪੌਣਾ ਨੇ ਮਹਿਕ ਉੱਠਣਾ
ਜਦ ਤਊਸ਼ ਹੱਥੀਂ ਫੜਨਾ ।

ਨਿਗਾਹਾਂ ਦਾ ਜਦ ਮਿਲਾਉਣਾ
ਰੱਬੀ ਸਰੂਰ ਅਉਣਾ
ਜਾਂ ਬੋਲ ਸਾਂਝੇ ਕਰਨੇ
ਦਿਲ ਬਾਗ ਬਾਗ ਹੋਣਾ।

ਆਲਮ ਉਹ ਰਹਿਮਤਾਂ ਦਾ
ਕਿਉਂ ਖ਼ੁਆਬ ਹੋ ਗਿਆ ਏ
ਹੈ ਇੰਤਜ਼ਾਰ ਸਾਨੂੰ
ਚੁੱਪ ਆਪ ਹੋ ਗਿਆ ਏਂ।

ਕਦੇ ਨਜ਼ਰ ਹੀ ਮਿਲਾਵੇਂ
ਜਰਾ ਵੇਖ ਮੁਸਕਰਾਵੇਂ



Namdhari Elibrary NamdhariElibrary@gmail.com



Namdhari Elibrary NamdhariElibrary@gmail.com

ਦੋ ਬੋਲ ਸਾਂਝੇ ਕਰ ਲਏਂ
ਸੱਦ ਕੋਲ ਹੀ ਬਿਠਾਵੇਂ
ਮੁੱਦਤ ਹੀ ਹੋ ਗਈ ਏ
ਤੇਰੀ ਛੁਹ ਮਾਣਿਆਂ ਨੂੰ

ਕਰ-ਕਮਲ ਜੇ ਨਹੀਂ ਤੇ
ਜਰਾ ਚਰਨ ਹੀ ਛੁਹਾ ਦੇ
ਰਹੀਏ ਰਜ਼ਾ ਚ ਰਾਜੀ
ਇਹ ਜੀਣ ਦੀ ਕਲਾ ਦੇ

ਨਿਗੂਣੀ ਹੈ ਬਾਦਸ਼ਾਹੀ
ਨੀਵੀਂ ਹੈ ਤੇਰੇ ਦਰ ਤੋਂ
ਤੁਠਦੈ ਤਾਂ ਆਪਣੇ ਦਰ ਦਾ
ਦਰਬਾਨ ਹੀ ਬਣਾ ਦੇ

ਨੋਟ: ਇਹ ਰਚਨਾ ਉਸ ਵਕਤ ਦੀ ਹੈ ਜਦੋਂ ਸਤਿਗੁਰੂ ਜਗਜੀਤ ਸਿੰਘ ਜੀ ਨਿਰ-ਸ਼ਬਦ ਸਮਾਧੀ ਵਿਚ ਵਿਚਰ ਰਹੇ ਸਨ ਤੇ ਸੰਗਤਾਂ ਹਜ਼ੂਰ ਦੇ ਮੁਖਾਰਬਿੰਦ ਤੋਂ ਕੋਈ ਬਚਨ ਸੁਣਨ ਲਈ ਬਿਹਬਲ ਸਨ...



Namdhari Elibrary NamdhariElibrary@gmail.com



ਤੇਰੇ ਨਾਲ
ਇਸ਼ਕ ਏ ਸਾਨੂੰ
ਹਕੀਕੀ...?
ਜਾਂ ਮਿਜ਼ਾਜ਼ੀ...?
ਇਸ਼ਕ ਤੇ ਇਸ਼ਕ ਹੁੰਦਾ ਏ
ਨਾ ਹਕੀਕੀ ਨਾ ਮਿਜ਼ਾਜ਼ੀ
ਕਿਉਂ ਹੋਇਆ...?
ਕਿਵੇਂ ਹੋਇਆ...?
ਜਵਾਬ ਨਾ ਮੇਰੇ ਕੋਲ ਹੈ
ਨਾ ਕਿਸੇ ਹੋਰ ਕੋਲ
ਤੇਰੇ ਕੋਲ ਹੋਵੇਗਾ
ਪਰ ਅਸੀਂ ਪੁੱਛੀਏ ਕਿਵੇਂ
ਮਰੀਜ਼ ਤੇ ਅਸੀਂ ਹਾਂ
ਇਸ ਮਰਜ਼ ਦੇ
ਜਿਨ੍ਹਾਂ ਨੂੰ ਤੇਰੇ ਨਾਲ ਇਸ਼ਕ ਏ
ਤੂੰ ਦਿੱਸੇਂ
ਤਾਂ ਦਿਨ ਚੜ੍ਹਦਾ ਏ
ਤੂੰ ਰੁੱਸੇਂ
ਤਾਂ ਕਿਆਮਤ
ਤੂੰ ਬੋਲੇਂ
ਤਾਂ ਧਰਤੀ ਮੌਲੇ
ਤੂੰ ਵੇਖੇਂ
ਤਾਂ ਰਿਮ ਝਿਮ ਦੀ ਫੁਹਾਰ



Namdhari Elibrary NamdhariElibrary@gmail.com



Namdhari Elibrary NamdhariElibrary@gmail.com

ਤੂੰ ਖ਼ਾਮੋਸ਼
ਜੀਕੂੰ ਪਤਝੜ ਦਾ ਆਲਮ
ਪੱਸਰਿਆ ਹੋਵੇ
ਚੁਫੇਰੇ
ਤੂੰ ਹੱਸੇਂ ਤਾਂ
ਕਾਇਨਾਤ ਖਿੜੀ ਖਿੜੀ ਜਾਪੇ
ਕਿਤੇ ਛੁਹ ਬਖ਼ਸ਼ੇਂ
ਤਾਂ ਖ਼ੁਦਾਈ ਵਾਰ ਦੇਈਏ
ਤੇਰੀ ਛੁਹ ਤੋਂ
ਹਯਾਤੀ ਕੁਰਬਾਨ ਕਰ ਦੇਈਏ
ਉਨ੍ਹਾਂ ਪਲਾਂ ਤੋਂ
ਜਿਨ੍ਹਾਂ ਨੂੰ
ਪਾਰਸ ਭੇਟ ਪਰਸ ਕਰਿਆ
ਆਖਿਆ ਏ
ਸਾਡੇ ਗੁਰੂਆਂ ਨੇ
ਤੇ ਸਾਨੂੰ
ਤੇਰੀ ਇਸੇ
ਖ਼ੁਦਾਈ ਨਾਲ
ਇਸ਼ਕ ਏ
ਹਕੀਕੀ
ਜਾਂ
ਮਿਜ਼ਾਜ਼ੀ



Namdhari Elibrary NamdhariElibrary@gmail com



ਤੇਰੇ ਦਰਸ਼ਨ ਬਾਝੋਂ ਹੁਣ
ਸਾਨੂੰ ਚੈਨ ਨਾ ਆਉਂਦੀ ਏ
ਤੈਨੂੰ ਪਰਸਨ ਬਾਝੋਂ ਵੀ
ਨਾ ਰੈਣ ਵਿਹਾਉਂਦੀ ਏ
ਤੇਰੀ ਯਾਦ ਜਦੋਂ ਆਵੇ
ਡਾਢੀ ਤੜਪਾਉਂਦੀ ਏ ।

ਸਾਡੇ ਦੀਦੇ ਤਰਸਨ ਹੁਣ
ਫਰਿਆਦਾਂ ਕਰਸਨ ਹੁਣ
ਕਦ ਨੈਣ ਮਿਲਾਵੋਗੇ
ਠੰਢ ਸੀਨੇ ਪਾਵੋਗੇ ।

ਤੇਰੇ ਬੋਲ ਸੁਣੀਦੇ ਸਾਂ
ਨਿੱਤ ਕੋਲ ਬਠੀਂਦੇ ਸਾਂ
ਤੁਸੀਂ ਬਚਨ ਸੁਣਾਉਂਦੇ ਸਓ
ਹੁੰਘਾਰਾ ਭਰਦੇ ਸਾਂ
ਤੁਸੀਂ ਦੁੱਖ ਸੁੱਖ ਪੁਛਦੇ ਸਓ
ਮਨ ਹੌਲਾ ਕਰਦੇ ਸਾਂ
ਤੁਸੀਂ ਖ਼ੁਸ਼ੀਆਂ ਵੰਡਦੇ ਸਓ
ਅਸੀਂ ਝੋਲੀਆਂ ਭਰਦੇ ਸਾਂ
ਤੇਰੀ ਛੁਹ ਅਗੰਮੀ ਲੈ
ਦੁੱਖਾਂ ਨੂੰ ਹਰਦੇ ਸਾਂ ।

ਉਸ ਰਹਿਮਤ ਬਾਝੋਂ ਹੁਣ
ਸਾਥੋਂ ਰਿਹਾ ਨਾ ਜਾਂਦਾ ਏ
ਆਲਮ ਖ਼ਾਮੋਸ਼ੀ ਦਾ


Namdhari Elibrary NamdhariElibrary@gmail.com



ਸਾਥੋਂ ਸਹਿਆ ਨਾ ਜਾਂਦਾ ਏ।

ਅਰਜੋਈ ਸਾਡੀ ਹੈ
ਦਿਲਜੋਈ ਸਾਡੀ ਹੈ
ਹਿਰਦੇ ਦੀਆਂ ਹੂਕਾਂ ਨੇ
ਬਿਰਹੋਂ ਦੀਆਂ ਕੂਕਾਂ ਨੇ
ਜਿਉਂ ਰਾਤ ਹਨੇਰੀ ਵਿਚ
ਅੰਧੇਰੀ ਦੀਆਂ ਸ਼ੂਕਾਂ ਨੇ।

ਬਦਲਾਂ ਦੀ ਗਰਜਨ ਤੇ
ਬਿਜਲੀ ਦੇ ਕੜਕਣ ਤੇ
ਜੀਕੂੰ ਤੇਜ ਹਵਾ ਚੱਲਦੀ
ਤੇ ਪੈਂਦੀਆਂ ਘੂਕਾਂ ਨੇ ।
ਕਿਸ਼ਤੀ ਵਿਚ ਭੰਬਰਾਂ ਦੇ
ਡਿਕ ਡੋਲੇ ਖਾਂਦੀ ਏ
ਇਓਂ ਹਾਲਤ ਮਨ ਦੀ ਏ
ਸਾਥੋਂ ਸਹੀ ਨਾ ਜਾਂਦੀ ਏ ।

ਕਰ ਮੁਆਫ਼ ਗੁਨਾਹ ਸਾਡੇ
ਫ਼ਰਿਆਦ ਸੁਣੀਵੋਗੇ
ਕਦ ਪੱਲ ਉਹ ਆਵਣਗੇ
ਸਾਡੇ ਵੱਲ ਵਖੀਵੋਗੇ
ਫਿਰ ਰਹਿਮਤ ਵਰਸੇਗੀ
ਸਾਡੇ ਦੁੱਖ ਚੁਣੀਵੋਗੇ
ਬੁੱਲੀਆਂ ਨੂੰ ਖੋਹਲੋਗੇ
ਸਭ ਸੁਖ ਵੰਡੀਵੋਗੇ



Namdhari Elibrary NamdhariElibrary@gmail.com



Namdhari Elibrary NamdhariElibrary@gmail.com

ਬੂਹੇ ਫਿਰ ਖੁਸ਼ੀਆਂ ਦੇ
ਸਭਨਾ ਲਈ ਖੋਹਲੋਗੇ
ਮਿੱਠੇ ਜਦ ਮਾਖਿਓ ਜਹੇ
ਤੁਸੀਂ ਬੋਲ ਦੋ ਬੋਲੋਗੇ ।

ਜੰਨਤ ਦੇ ਸੁੱਖਾਂ ਤੋਂ
ਸੁੱਖ ਵੱਧ ਪਹੁੰਚਾਵਣਗੇ
ਤੁਸੀਂ ਆਂਹਦੇ ਜਾਵੋਗੇ
ਅਸੀਂ ਸੁਣਦੇ ਜਾਵਾਂਗੇ
ਸਕੂਨ ਅਗੰਮੀ ਪਾ
ਕੋਈ ਕੀਕੂੰ ਅੱਕੇਗਾ
ਤੇਰੇ ਨੂਰੀ ਮੁੱਖੜੇ ਦਾ
ਜਲਵਾ ਜਦ ਤੱਕੇਗਾ



Namdhari Elibrary NamdhariElibrary@gmail.com


NamdhariElibrary@gmail.com

ਤੇਰੀਆਂ ਪੈੜਾਂ ਨੇ ਚਾਨਣ ਮੁਨਾਰੇ ਵਾਂਗਰਾਂ
ਹਨੇਰ ਵਿਚ ਕਿਸੇ ਛੰਗੋਰੀ ਦੇ ਸਹਾਰੇ ਵਾਂਗਰਾਂ ।

ਜ਼ਿੰਦਗੀ ਦੇ ਖ਼ੌਫ ਮਿਟ ਜਾਂਦੇ ਨੇ ਤੈਨੂੰ ਵੇਖਿਆਂ
ਡੁਬਦਿਆਂ ਦੇ ਕੋਲ ਚੱਲ ਆਏ ਕਿਨਾਰੇ ਵਾਂਗਰਾਂ।

ਕਾਲੀਆਂ ਘਨਘੋਰ ਰਾਤਾਂ ਚ ਰਾਹ ਦਰਸਾਣ ਲਈ
ਵਿਚ ਅਕਾਸ਼ੀਂ ਚਮਕਦੇ ਕਿਸੇ ਸਿਆਰੇ ਵਾਂਗਰਾਂ ।

ਮਿਲਦੀਆਂ ਨਜ਼ਰਾਂ ਸੰਗ ਨਜ਼ਰਾਂ ਜਦ ਕਦੇ ਇਤਫਾਕ ਨਾਲ
ਜਾਪਦੇ ਉਹ ਅਹਿਮ ਪੱਲ ਰੱਬੀ ਹੁਲਾਰੇ ਵਾਂਗਰਾਂ ।

ਵਿਚ ਸੁਨਾਮੀ ਪਰਲੋਆਂ ਤੂਫਾਨ ਤੇ ਭੂਚਾਲ ਤੋਂ
ਰੱਖ ਲੈਂਦੇ ਹੱਥ ਦੇ ਪ੍ਰੀਤਮ ਪਿਆਰੇ ਵਾਂਗਰਾਂ ।

ਤੇਰੀ ਹਰ ਅਦਾਅ ਕੋਈ ਜ਼ਿੰਦਗੀ ਦਾ ਭੇਤ ਦੱਸਦੀ
ਹੋ ਰਹੇ ਕਿਸੇ ਰੱਬੀ ਇਸ਼ਾਰੇ ਵਾਂਗਰਾਂ ।

ਬੋਲ ਮਿੱਠੇ ਮਾਖਿਓਂ ਰੂਹ ਨੂੰ ਸਕੂਨ ਬਖਸਦੇ
ਸਾਥ ਤੇਰਾ ਜਾਪਦੈ ਰੱਬੀ ਸਹਾਰੇ ਵਾਂਗਰਾਂ ।

ਬਾਤ ਇਹ ਅਗੰਮ ਦੀ ਨਾ ਰੁਕੇਗੀ ਅਨੰਤ ਤੀਕ
ਸਾਥ ਤੇਰਾ ਮਾਣੀਏਂ ਸਦੀਵੀ ਹੁੰਘਾਰੇ ਵਾਂਗਰਾਂ।



Namdhari Elibrary NamdhariElibrary@gmail.com



Namdhari Elibrary NamdhariElibrary@gmail.com

ਪਤਾ ਨਹੀਂ ਦੁੱਖ ਕੇਡਾ ਕੁ ਸੀ
ਕਿਸ ਕਿਸ ਲੇਖ ਲਿਖਾਇਆ,
ਤੁਸਾਂ ਜੋ ਆਪਣੇ ਤਨ ਤੇ ਲੈ ਕੇ
ਕਿਸ ਕਿਸ ਤਾਈਂ ਬਚਾਇਆ,
ਲੱਖ ਹਿਰਦੇ ਤੇ ਹੱਥ ਕਰੋੜਾਂ
ਨਿੱਤ ਅਰਦਲ ਤੇਰੀ ਜੁੜਦੇ;
ਅਰਜ਼ ਜੋਦੜੀ ਸੁਣ ਜਿਨ੍ਹਾਂ ਦੀ
ਖੇਡ ਅਜਬ ਵਰਤਾਇਆ।

ਨੋਟ: -ਜਦੋਂ ਸਤਿਗੁਰੂ ਜੀ ਦੇ ਗੋਡੇ ਤੇ ਸੱਟ ਲੱਗੀ ਤੇ ਸਤਿਗੁਰੂ ਪ੍ਰਤਾਪ ਸਿੰਘ ਅਪੋਲੋ ਹਸਪਤਾਲ ਵਿਖੇ ਅਪਰੇਸ਼ਨ ਹੋਇਆ ਉਸ ਵਕਤ ਦੀ ਰਚਨਾ।



Namdhari Elibrary NamdhariElibrary@gmail.com



Namdhari Elibrary NamdhariElibrary@gmail.com

ਪ੍ਰੀਤਮ ਜੀ ਤੁਸੀਂ ਜਦ ਵੀ ਹੱਸੋ
ਫੁੱਲ ਅਸਮਾਨੋਂ ਕਿਰਦੇ ,
ਸ਼ਾਮਾਂ ਅੰਮ੍ਰਿਤ ਵੇਲਾ ਹੋਵਣ
ਮਿਲਣ ਜੋ ਵਿਛੜੇ ਚਿਰ ਦੇ ,
ਸਾਹਾਂ ਵਿਚ ਖੁਸ਼ਬੋਈ ਘੁਲਦੀ
'ਵਾਵਾਂ ਵਿਚ ਕਸਤੂਰੀ ;
ਦੁਨੀਆਂ ਸੁਹਣੀ ਸੁਹਣੀ ਜਾਪੇ
ਨਿਰਮਲ ਹੋਵਣ ਹਿਰਦੇ ।



Namdhari Elibrary NamdhariElibrary@gmail.com



Namdhari Elibrary NamdhariElibrary@gmail.com

ਵਾਹ ਪ੍ਰੀਤਮ ! ਹਿਰਦੇ ਵਿਚ ਤੇਰੇ
ਕੁੱਲ ਬ੍ਰਹਿਮੰਡ ਸਮੋਇਆ,
ਤੂੰ ਖ਼ਾਲਕ, ਖ਼ਲਕਤ ਸਾਰੀ ਨੂੰ
ਧਾਗੇ ਇਕ ਪਰੋਇਆ,
ਕਿਸੇ ਦੇ ਤਨ ਜਾਂ ਮਨ ਦੇ ਤਾਈਂ
ਵਾਅ ਤੱਤੀ ਜਾਂ ਲੱਗੇ;
ਪਲਕ ਝਪਕਣੇ ਤੋਂ ਵੀ ਪਹਿਲੋਂ
ਵਿਚ ਬੁੱਕਲ ਤੁਸਾਂ ਲਕੋਇਆ।



Namdhari Elibrary NamdhariElibrary@gmail.com



Namdhari Elibrary NamdhariElibrary@gmail.com

ਕਦੇ ਖੁਸ਼ੀਆਂ ਤੂੰ ਇੰਝ ਬਖਸ਼ੇ
ਕਿ ਹਾਸੇ ਹੀ ਨਹੀਂ ਰੁਕਦੇ ,
ਉਦਾਸੀ ਦਾ ਇਹ ਆਲਮ ਹੈ
ਕਿ ਅੱਥਰੂ ਹੀ ਨਹੀਂ ਸੁੱਕਦੇ ,
ਇਹ ਸਾਹ ਸਾਡੇ ਮੇਰੇ ਸਾਹਿਬਾਂ
ਸਦਾ ਤੇਰੀ ਅਮਾਨਤ ਨੇ ;
ਲਕੋਈਏ ਲੱਖ ਅਸੀਂ ਹੌਕੇ
ਕਿ ਹੌਕੇ ਹੀ ਨਹੀਂ ਲੁਕਦੇ ।



Namdhari Elibrary NamdhariElibrary@gmail.com



ਮੰਨਿਆਂ ਕਿ ਤੂੰ ਖ਼ਾਮੋਸ਼ੀ ਦੇ ਆਲਮ ਵਿਚ ਖੁਸ਼ ਰਹਿਨੈ,
ਖਾਮੋਸ਼ੀ ਦੀ ਮੁਦਰਾ ਵਿਚ ਵੀ ਬੜਾ ਕੁਝ ਹੀ ਕਹਿਨੋ।
ਸਬਰ, ਸ਼ੁਕਰ, ਸਹਿਜ-ਧੁਨ ਧੀਰਜ, ਨਿਰਛਲ, ਨਿਰਮਲ ਕਰਨੀ,
ਇਹ ਸਾਰੇ ਸੰਦੇਸ ਤੂੰ ਸਾਨੂੰ ਇਸੇ ਰੂਪ ਵਿਚ ਦੇਨੋ ।



Namdhari Elibrary NamdhariElibrary@gmail.com



ਪ੍ਰੀਤਾਂ ਦਾ ਤੂੰ ਦੇਹ ਨਿਵਾਲਾ ਡਾਢਾ ਲਾਡ ਲਡਾਇਆ,
ਮੋਹ ਦੀਆਂ ਤੰਦਾਂ ਪਾ ਪ੍ਰੀਤਮ ਵਿਚ ਅਸਮਾਨ ਚੜ੍ਹਾਇਆ।
ਇਹ ਚੁੱਪ ਤੇਰੀ ਸਾਨੂੰ ਸਭ ਨੂੰ ਪਲ ਪਲ ਚੋਭਾਂ ਮਾਰੇ,
ਏਨਾ ਮੋਹ ਲਗਾ ਕੇ , ਨਿਰਮੋਹ ਦਾ ਸਵਾਂਗ ਰਚਾਇਆ ।



Namdhari Elibrary NamdhariElibrary@gmail.com



NamdhariElibrary NamdhariElibrary@gmail.com

ਖਾਮੋਸ਼ੀ ਦਾ ਪਹਿਨ ਚੋਲੜਾ ਜਗਤ ਤਮਾਸ਼ਾ ਤੱਕਨੈ ,
ਪਾ ਦੁਨੀਆਂ ਨੂੰ ਘੁੰਮਣ ਘੇਰੀ ਖ਼ਬਰ ਪਲ ਪਲ ਦੀ ਰੱਖਨੈ ,
ਕੀ ਕਰੀਏ ? ਤੇ ਕੀਕੂੰ ਕਰੀਏ ਆਕਲ ਅਕਲੀਂ ਲੱਗੇ;
ਤੇਰੀ ਰਮਜ਼ ਰੱਬੀ ਕਿੰਝ ਸਮਝਣ ; ਆਪੂੰ ਹੀ ਤੂੰ ਡੱਕਨੈ।



Namdhari Elibrary NamdhariElibrary@gmail.com



Namdhari Elibrary NamdhariElibrary@gmail.com

ਦੀਨਾਂ-ਬੰਧੂ
ਤੇਰੀ ਸਰਬੰਗੀ ਸ਼ਖ਼ਸ਼ੀਅਤ
ਰੁਹਾਨੀਅਤ ਦੇ ਮਜੀਠੀ ਰੰਗਾਂ ਦੀ ਮਿਸਾਲ,
ਵਿਸ਼ਾਲ ਬ੍ਰਹਿਮੰਡ ਜੇਹੀ ਮੋਕਲੀ
ਸਾਗਰਾਂ ਜੇਹੀ ਗਹਿਰੀ
ਦਿਸਹੱਦਿਆਂ ਤੱਕ ਫੈਲੀ ਹੋਈ ...
ਤੇਰੀ ਅਪਣੱਤ
ਆਪਣਿਆਂ ਲਈ ਬੇ-ਮੇਚਾ ਬੇ-ਮੁਹਾਰਾ
ਰਹਿਮਤ ਬਣ ਵਰਸੇ...
ਬੇਗਾਨਗੀ
ਤੇਰੀ ਹਜ਼ੂਰੀ ਵਿਚ ਅਪਣੱਤ ਹੋ ਨਿੱਬੜੇ...
ਤੇਰੀ ਸ਼ਖ਼ਸ਼ੀਅਤ ਦੇ ਜਲੌ ਦੀ ਕਸ਼ਿਸ਼
ਸਭਨਾ ਨੂੰ
ਆਪਣੀ ਬੁੱਕਲ ਵਿਚ  ਸਮੋ ਲਵੇ
ਬਿਨਾਂ ਕਿਸੇ ਭਿੰਨ ਭੇਦ ਦੇ...
ਤੂੰ
ਪ੍ਰੀਤਾਂ ਦਾ ਪ੍ਰਿਤਪਾਲਕ ਏਂ
ਮੋਹ ਦਾ ਮੁਜੱਸਮਾ ਏਂ
ਸਨੇਹ ਦਾ ਸਾਗਰ ਏਂ
ਤੇ
ਸਭਨਾ ਦਾ ਸਰਪਾਲਕ ਵੀ।
ਤੇਰੀ ਰਹਿਮਤ
ਬਿਨਾਂ ਪਾਤਰ ਕੁਪਾਤਰ ਵੇਖੇ


Namdhari Elibrary NamdhariElibrary@gmail.com



ਸਭਨਾਂ ਤੇ ਵਰਸੇ...
ਸਾਨੂੰ ਉਹ ਅੱਖਾਂ ਦੇਹ
ਉਹ ਸੂਝ ਦੇਹ
ਕਿ ਅਸੀਂ
ਤੇਰੀਆਂ ਮੁਹੱਬਤਾਂ ਦਾ ਸਰਮਾਇਆ
ਸੰਭਾਲ ਸਕੀਏ...
ਅਸੀਂ ਤੇ
ਮੇਰ-ਤੇਰ, ਆਪਣੇ-ਪਰਾਏ
ਸਾਡੇ-ਤੁਹਾਡੇ, ਇਹਦੇ-ਉਹਦੇ
ਪਤਾ ਨਹੀਂ
ਕਿੰਨੇ ਕੁ ਹਿੱਸਿਆਂ ਵਿਚ
ਵੰਡੇ ਹੋਏ ਹਾਂ...
ਵੰਡਿਆ ਹੋਇਆ ਮਨੁੱਖ
ਕਦੇ ਪੂਰਾ ਨਹੀਂ ਹੁੰਦਾ
ਹਮੇਸ਼ਾਂ ਅਧੂਰਾ ਹੀ ਹੁੰਦਾ ਏ...
ਨਾ-ਆਪਣੇ ਜੋਗਾ ਨਾ ਕਿਸੇ ਜੋਗਾ
ਸਾਨੂੰ ਅਧੂਰਿਆਂ ਨੂੰ ਪੂਰਿਆਂ ਕਰ
ਇਸ ਅਧੂਰੇ-ਪਨ ਦੀ ਸ਼ਰਮਿੰਦਗੀ
ਸਾਨੂੰ ਹੰਡਾਉਣੀ ਨਾ ਪਵੇ
ਸੰਤਾਪ ਵਰਗੀ ਸਰਾਪ ਵਰਗੀ
ਕਿਉਂਕਿ...?
ਅਜਿਹੇ ਸੰਤਾਪ
ਤੇ


Namdhari Elibrary NamdhariElibrary@gmail.com



NamdhariElibrary NamdhariElibrary@gmail.com

ਸਰਾਪ ਨਾਲ ਤੇ ਮਨੁੱਖ
ਜਿਊਂਦਿਆਂ ਵੀ ਮੋਇਆਂ ਬਰੋਬਰ ਹੁੰਦਾ ਏ
ਇਕ ਜਿਊਂਦੇ ਰਹਿਬਰ ਦੇ ਮੁਰੀਦ ਹੋ ਕੇ
ਅਸੀਂ ਤੇਰੀ
ਰਹਿਮਤ ਦਾ ਨਿੱਘ ਮਾਣੀਏਂ
ਨਿੱਘ ਵੰਡੀਏ
ਲਟ ਲਟ ਬਲੀਏ...
ਤੇਰੀ ਦਿੱਤੀ ਰੌਸ਼ਨੀ ਦੇ ਚਾਨਣ ਨਾਲ
ਸਾਡਾ ਆਪਾ ਰੁਸ਼ਨਾਵੇ
ਤੇ ਇਹ ਰੌਸ਼ਨੀ
ਅਸੀਂ ਸਭਨਾਂ ਨੂੰ ਵੰਡੀਏ
ਤੇਰੇ ਵਾਂਗ ਹੀ
ਬਿਨਾਂ ਕਿਸੇ ਮੇਰ-ਤੇਰ ਦੇ
ਆਪਣੇ-ਪਰਾਏ
ਇਹਦੇ-ਉਹਦੇ
ਭੇਦ-ਭਾਵ ਦੇ
ਤੇ
ਤੇਰੇ ਰੂਹਾਨੀ ਬੋਲਾਂ ਦੀ ਗੂੰਜਾਰ
ਕੁੱਲ ਬ੍ਰਹਿਮੰਡ 'ਚ ਗੂੰਜੇ
ਕੁੱਲ ਲੁਕਾਈ ਸੁਣੇ
ਨਾ ਕੋ ਬੈਰੀ ਨਾਹੀ ਬੇਗਾਨਾ
ਸਗਲ ਸੰਗਿ ਹਮ ਕਉ ਬਨਿ ਆਈ...



Namdhari Elibrary NamdhariElibrary@gmail.com



Namdhari Elibrary NamdhariElibrary@gmail com

ਤੂੰ ਆਇਆ ਸਾਡੀ ਝੋਲ ਖੁਸੀਆਂ ਨਾਲ ਭਰ ਦਿਤੀ
ਕਿਸੇ ਨੂੰ ਸ਼ਫਾ ਦਿੱਤੀ, ਕਿਸੇ ਦੀ ਪੀੜ ਹਰ ਦਿੱਤੀ
ਕਿਸੇ ਨੂੰ ਪ੍ਰੀਤ ਆਪਣੀ ਨਾਲ ਮਾਲਾਮਾਲ ਕਰ ਦਿੱਤਾ
ਕਿਸੇ ਨੂੰ ਚਰਨ ਛੋਹ ਬਖਸ਼ੀ, ਕਿਸੇ ਤੇ ਨਦਰ ਕਰ ਦਿੱਤੀ।



Namdhari Elibrary NamdhariElibrary@gmail.com



Namdhari Elibrary NamdhariElibrary@gmail.com

ਏਨਾ ਤੂੰ ਮੋਹ ਕੀਤਾ ਏਨੀ ਤੂੰ ਪ੍ਰੀਤ ਪਾਲੀ
ਤੇਰੇ ਹਜ਼ੂਰ ਨਿੱਤ ਹੀ ਸੀ ਜਾਪਦੀ ਦੀਵਾਲੀ
ਜਿੱਧਰ ਦੀ ਲੰਘਦੇ ਸਓ ਫੇਰਾ ਬਹਾਰ ਪਉਂਦੀ
ਤੇਰਾ ਸ਼ਪਰਸ਼ ਪਾ ਕੇ ਸੀ ਪੌਣ ਗੁਣਗਣਾਉਂਦੀ
ਸ਼ਾਖਾਂ ਨੂੰ ਪੱਤੀਆਂ ਤੇ ਫੁੱਲਾਂ ਨੂੰ ਮਹਿਕ ਦਿੱਤੀ
ਮਾਯੂਸ ਜੋ ਵੀ ਆਇਆ ਚਿਹਰੇ ਨੂੰ ਟਹਿਕ ਦਿਤੀ
ਮਿਲਿਆ ਨਾ ਕੋਈ ਸਾਨੀ ਮਿਲਿਆ ਨਾ ਦਿਲ ਦਾ ਜਾਨੀ
ਰੱਖੂ ਸਦਾ ਜਿਊਂਦੇ ਸਾਨੂੰ ਤੇਰੀ ਕਹਾਣੀ।



Namdhari Elibrary NamdhariElibrary@gmail.com



Namdhari Elibrary NamdhariElibrary@gmail.com

ਹੈ ਕੌਣ ਜਿਹਦੀ ਦੀਦ ਸੀਨੇ ਠੰਢ ਪਾਂਵਦੀ
ਦੁਨੀਆਂ ਦੀਵਾਨੀ ਹੋਈ ਜਿਹਦੇ ਨਾਮ ਦੀ ?
ਹੈ ਕੌਣ ਜੋ ਈਮਾਨ ਵਾਲੇ ਰਾਹ ਦੱਸਦੈ
ਸਭਨਾਂ ਘਟਾਂ ਤੇ ਲੂੰ ਲੂੰ ਵਿਚ ਵੱਸਦੈ ?
ਹੈ ਕੌਣ ਜਿਹਦੀ ਛੁਹ 'ਚੋਂ ਸਰੂਰ ਆਂਵਦਾ
ਨਿਗਾਹ ਜਾ ਮਿਲਾਵੇ ਤਾਂ ਗਰੂਰ ਆਂਵਦਾ ?
ਹੈ ਕੌਣ ਜਿਹਦੇ ਬੋਲ ਸੱਚੋ ਸੱਚ ਬੋਲਦੇ
ਹੈ ਕੌਣ ਜਿਹਦਾ ਸਾਨੀ ਜੱਗ ਦਿੱਸੇ ਕੋਈ ਨਾ
ਬਣਦੈ ਸਹਾਰਾ ਜਿਹਨੂੰ ਢੋਈ ਕੋਈ ਨਾ ?
ਦਿਲਾਂ ਦੀਆਂ ਘੁੰਡੀਆਂ ਨੂੰ ਜਾਣ ਖੋਲ੍ਹਦੇ ?
ਹੈ ਕੌਣ ਜਿਹੜਾ ਕਦੇ ਨਾ ਭੁਲਾਵੇ ਕੌਲ ਨੂੰ
ਸਦਾ ਹੀ ਵਧਾ ਕੇ ਦੇਵੇ ਤੁਲੇ ਤੋਲ ਨੂੰ ?
ਹੈ ਕੌਣ ਜਿਹੜਾ ਪ੍ਰੀਤਾਂ ਵਾਲੇ ਰਾਹੀਂ ਤੋਰਦੈ
ਵੈਰ, ਨਿੰਦਾ, ਈਰਖਾ ਤੋਂ ਸਦਾ ਹੋੜਦੈ ?
ਹੈ ਕੌਣ ਜਿਹੜਾ ਆਪੂੰ ਔਖੇ ਰਾਹੀਂ ਤੁਰਦੈ
ਕਾਫ਼ਲੇ ਗਵਾਹ ਨੇ ਉਹ ਨਹੀਂ ਪਿਛਾਂਹ ਮੁੜਦੈ ?
ਹੈ ਕੌਣ ਜਿਹਦੇ ਕਦਮਾਂ 'ਚ ਕਰਾਮਾਤ ਏ
ਕਰਦੀ ਆਦਾਬ ਜਿਹਨੂੰ ਪਰਭਾਤ ਏ ?
ਗੱਲੀਂ ਬਾਤੀਂ ਮੈਂ ਤੇ ਇਕ ਬਾਤ ਪਾਈ ਏ
ਬੁੱਝੂ ਜਿਹੜਾ ਉਹਦੀ ਆਪਣੀ ਭਲਾਈ ਏ ?



Namdhari Elibrary NamdhariElibrary@gmail.com



Namdhari Elibrary NamdhariElibrary@gmail.com

ਉਸ ਦੀ ਯਾਦ ਅਮਲ ਦੇ ਵਾਂਗੂੰ ਦੇਂਦੀ ਬਹੁਤ ਖੁਮਾਰੀ,
ਜਿਸਦੇ ਬਾਝ ਲੰਘਾਉਣੀ ਔਖੀ ਇਕ ਪਲ ਘੜੀ ਦਿਹਾੜੀ।
ਸ਼ਾਲਾ! ਅਮਲ ਇਹੋ ਜੋ ਲੱਗਾ ਨਿਭਜੇ ਸਾਡੇ ਸਾਹੀਂ,
ਦਿਲ ਸਾਡੇ ਵਿਚ ਹਰ ਪਲ ਵੱਸਦੀ ਸੂਰਤ ਉਸਦੀ ਪਿਆਰੀ।



Namdhari Elibrary NamdhariElibrary@gmail.com



Namdhari Elibrary NamdhariElibrary@gmail com

ਮੇਰੇ ਮੌਲਾ ਮੈਨੂੰ ਸੰਗੀਤ ਦੀ ਕੁਝ ਦਾਤ ਦੇ ਦੇਣਾ ,
ਮਿੱਠੇ ਬੋਲ ਬੋਲਣ ਦੀ ਜ਼ਰਾ ਸੌਗਾਤ ਦੇ ਦੇਣਾ,
ਹਯਾਤੀ ਹਮ-ਸਫਰ, ਹਮਰਾਹ ਤੇ ਸੋਹਣੀ ਸੋਚ ਵੀ ਦੇਵੀਂ,
ਕਿਸੇ ਦੇ ਦਿਲ 'ਚ ਵੱਸ ਜਾਵੇ ਉਹੋ ਗੱਲ-ਬਾਤ ਦੇ ਦੇਣਾ ।

ਜਦੋਂ ਬੋਲਾਂ ਤਾਂ ਬੋਲਾਂ 'ਚੋਂ ਤੇਰੀ ਕੁਝ ਮਹਿਕ ਵੀ ਆਵੇ ,
ਮੇਰੇ ਚੇਹਰੇ ਤੋਂ ਬਖ਼ਸ਼ਿਸ਼ ਦੀ ਜ਼ਰਾ ਕੁ ਟਹਿਕ ਵੀ ਆਵੇ ,
ਜਿਧਰ ਵੇਖਾਂ ਜਿਹਨੂੰ ਵੇਖਾਂ ਤੇਰਾ ਹੀ ਰੂਪ ਵੇਖਾਂ ਮੈਂ,
ਹਰ ਬੰਦੇ ਤੇ ਜਰ੍ਹੇ 'ਚੋਂ ਤੇਰਾ ਸਰੂਪ ਵੇਖਾਂ ਮੈਂ।

ਤੂੰ ਸੁੱਖ ਦਿੱਤੇ ਬਹੁਤ ਦਿੱਤੇ ਮਾਨਣ ਦੀ ਜਾਚ ਵੀ ਦੇਵੀਂ,
ਗਮਾਂ ਦੀ ਰਾਤ ਜੇ ਆਵੇ ਸੁਹਣੀ ਪ੍ਰਭਾਤ ਵੀ ਦੇਵੀਂ,
ਨਿੰਦਾ ਈਰਖਾ ਦੇ ਬੀਅ ਮੇਰੇ ਸੀਨੇ ਚੋਂ ਪੁੱਟ ਦੇਣਾ ,
ਸਾੜੇ ਨਫ਼ਰਤਾਂ ਮੈਥੋਂ ਕੋਹਾਂ ਦੂਰ ਸੁੱਟ ਦੇਣਾ।

ਤੂੰ ਪ੍ਰੀਤਾਂ ਦਾ ਪੈਗੰਬਰ ਏਂ ਥੋਹੜੀ ਜਹੀ ਪ੍ਰੀਤ ਵੀ ਦੇਵੀਂ,
ਸਿੱਖੀ ਦਾ ਰੂਪ ਜੇ ਦਿੱਤਾ ਸਿੱਖੀ ਦੀ ਰੀਤ ਵੀ ਦੇਵੀਂ,
ਇਹ ਤਨ ਮਿੱਟੀ ਦੀ ਢੇਰੀ ਏ ਕਰਮ ਚੰਗੇ ਕਮਾ ਲਈਏ,
ਅਉਣਾ ਸਫਲ ਹੈ ਜਗ ਤੇ ਸਿਖ ਤੇਰੇ ਕਹਾ ਲਈਏ ।

ਮੇਰੀ ਮੈਂ ਨੂੰ, ਤੂੰ ਰਹਿਮਤ ਦਾ ਇਹੋ ਜਿਹਾ ਮੋੜ ਦੇ ਦੇਵੀਂ
ਬੜੀ ਬੇਹੂਦਾ ਹਉਮੈ ਹੈ ਇਹਨੂੰ ਕੋਈ ਤੋੜ ਦੇ ਦੇਵੀਂ
ਤੂੰ ਵੇਖਾਂ, ਤੂੰ ਆਖਾਂ ਤੇ ਤੂੰ ਦੇ ਵਿੱਚ ਸਮਾ ਜਾਵਾਂ
ਜਿਸ ਮੰਜ਼ਿਲ ਦਾ ਰਾਹ ਦੱਸਿਆ ਉਸ ਮੰਜ਼ਿਲ ਨੂੰ ਪਾ ਜਾਵਾਂ।


Namdhari Elibrary NamdhariElibrary@gmail.com



ਤੇਰੀਆਂ ਪ੍ਰੀਤਾਂ ਅਸਾਂ ਸਾਹਾਂ ਵਿਚ ਪਾਲੀਆਂ
ਮੋਹ ਤੇ ਮੁਹੱਬਤਾਂ ਨੇ ਦਿਲ 'ਚ ਸੰਭਾਲੀਆਂ

ਬੋਲ ਨੇ ਸੰਭਾਲੇ ਅਸਾਂ ਦਿੱਲ ਨਾਲ ਲਾ ਕੇ
ਉਵੇਂ ਜਿਵੇਂ ਤੁਸਾਂ ਜੋੜੇ ਪੀਡੀ ਗੰਢ ਪਾ ਕੇ
ਤੇਜ਼ ਤੇਰਾ ਵੇਖ ਰਾਤਾਂ ਮੁੱਕੀਆਂ ਨੇ ਕਾਲੀਆਂ
ਮੋਹ ਤੇ ਮੁਹੱਬਤਾਂ...
ਵੇਖ ਤੈਨੂੰ ਫ਼ਿਜ਼ਾ ਚ ਬਹਾਰਾਂ ਫੇਰੇ ਪਾਏ ਨੇ
ਦੀਦ ਪਾ ਉਦਾਸੀਆਂ ਨੇ ਰੱਬੀ ਗੀਤ ਗਾਏ ਨੇ
ਮਾਰੇ ਲਿਸ਼ਕੋਰਾਂ ਰੂਹਾਂ ਦੇਰ ਤੋਂ ਜੰਗਾਲੀਆਂ
ਮੋਹ ਤੇ ਮੁਹੱਬਤਾਂ...
ਗੀਤ ਸੰਗੀਤ ਤੇਰਾ ਫੁੱਲ ਪੱਤੇ ਗਾਂਵਦੇ
ਬਣਾਂ ਦੇ ਪੰਖੇਰੂ ਬਲਿਹਾਰੇ ਤੈਥੋਂ ਜਾਂਵਦੇ
ਦਿੰਦੀਆਂ ਆਵਾਜ਼ਾਂ ਤੈਨੂੰ ਬਿਰਖਾਂ ਦੀਆਂ ਡਾਲੀਆਂ
ਮੋਹ ਤੇ ਮੁਹੱਬਤਾਂ...
ਤੇਰੇ ਉਪਕਾਰਾਂ ਦਾ ਖਜ਼ਾਨਾ ਵੀ ਅਮੁੱਕ ਏ
ਦਿਲਾਂ ਵੱਲ ਸਾਧਿਆ ਨਿਸ਼ਾਨਾ ਵੀ ਅਚੁੱਕ ਏ
ਗਰੂਰ ਨਾਲ ਅੱਟੀਆਂ ਚੱਟਾਨਾਂ ਤੁਸਾਂ ਢਾਲੀਆਂ
ਮੋਹ ਤੇ ਮੁਹੱਬਤਾਂ...
ਰੱਬੀ ਸੰਗੀਤ ਜੋ ਤੂੰ ਰਾਗਾਂ 'ਚ ਸਿਖਾਇਆ ਏ
ਦਿਲਾਂ ਉੱਤੇ ਜਾਦੂ ਅੱਜ ਉਸੇ ਦਾ ਹੀ ਛਾਇਆ ਏ
ਹਨੇਰਿਆਂ ਦਿਲਾਂ 'ਚ ਜੋਤਾਂ ਸੱਚੀਆਂ ਨੇ ਬਾਲੀਆਂ
ਮੋਹ ਤੇ ਮੁਹੱਬਤਾਂ...



Namdhari Elibrary NamdhariElibrary@gmail.com



Namdhari Elibrary NamdhariElibrary@gmail com





Namdhari Elibrary NamdhariElibrary@gmail.com



Namdhari Elibrary NamdhariElibrary@gmail.com





Namdhari Elibrary NamdhariElibrary@gmail.com



Namdhari Elibrary NamdhariElibrary@gmail.com

ਮੁਖ ਮੰਡਲ ਤੇਰੇ 'ਚੋਂ ਸਾਨੂੰ ਵੱਡ ਪਰਤਾਪੀ ਦਿਸੇ,
ਸੀਰਤ-ਸੂਰਤ ਗੁਰ ਜਗਜੀਤ ਦੀ ਆਈ ਤੇਰੇ ਹਿੱਸੇ।
ਹਿਰਦੇ ਠਢ ਬੋਲ ਜੋ ਪਾਉਂਦੇ ਜਾਮੇ ਜੋਤ ਦੇ ਲਗਦੇ,
ਜਾਹੋ ਜਲਾਲ ਰਾਮ ਗੁਰ ਜੈਸਾ ਸਭ ਜਗ ਗਾਵੇ ਕਿਸੇ।



Namdhari Elibrary NamdhariElibrary@gmail.com


NamdhariElibrary NamdhariElibrary@gmail.com

ਉਂਝ ਤੇ ਤੇਰੀ ਖ਼ਲਕਤ ਸਾਨੂੰ
ਲਾਉਂਦੀ ਗਲ਼ੇ ਬਥੇਰੀ
ਲੱਗੀ ਸਭ ਤੋਂ ਵਧ ਕੇ ਸਾਂਈਆਂ
ਨਿੱਘੀ ਬੁੱਕਲ ਤੇਰੀ



Namdhari Elibrary NamdhariElibrary@gmail.com



ਕੌਣ ਜੋ ਉਸਦੇ ਵਾਂਗੂੰ ਸਾਨੂੰ
ਏਨਾ ਪਿਆਰ ਕਰੇ
ਕੌਣ ਜੋ ਸਿਰ ਸਾਡੇ ਤੇ ਉਸਦੇ
ਵਾਂਗੂੰ ਹੱਥ ਧਰੇ ।
ਕੌਣ ਜੋ ਆਪੂੰ ਕਰ ਇਸ਼ਾਰਾ
ਆਪਣੇ ਕੋਲ ਬਿਠਾਵੇ
ਕੌਣ ਜੋ ਦਿਲ ਦੇ ਜ਼ਖ਼ਮਾਂ ਉੱਤੇ
ਮੋਹ ਦੀ ਮਲ੍ਹਮ ਲਗਾਵੇ ।
ਕੌਣ ਜੋ ਵੰਡਣ ਲੱਗਾ ਕਦੇ
ਮੇਰ ਤੇਰ ਨਾ ਵੇਖੇ
ਕੌਣ ਜੋ ਆਪਣੇ ਹੱਥੀਂ ਝੱਟ ਹੀ
ਪਾੜੇ ਲੰਬੇ ਲੇਖੇ ।
ਕੌਣ ਜੋ ਦੇਂਦਾ, ਦੇਈ ਜਾਵੇ
ਲੇਖਾ ਮੂਲ ਨੀ ਕਰਦੈ
ਕੌਣ ਜੋ, ਕਿਸੇ ਦੀ ਦੁਖਦੀ ਰਗ ਤੇ
ਉਂਗਲ ਕਦੇ ਨੀ ਧਰਦੈ ।
ਕੌਣ ਜੋ, ਜਿਸਨੇ ਕੱਲਰਾਂ ਦੇ ਵਿੱਚ
ਸੁਹਣੇ ਫੁੱਲ ਉਗਾਏ
ਕੌਣ ਸੀ ਜਿਸਨੇ ਰੇਤ ਦੇ ਟਿੱਬੇ
ਨਖ਼ਲਿਸਤਾਨ ਬਣਾਏ।
ਕੌਣ ਸੀ ਜਿਸਨੇ ਬੰਜਰਾਂ ਵਿਚ ਵੀ
ਬੀਜੀ ਮੋਹ ਦੀ ਖੇਤੀ


Namdhari Elibrary NamdhariElibrary@gmail.com



Namdhari Elibrary NamdhariElibrary@gmail.com

ਕੌਣ ਜੋ ਯਾਦ ਜਦੋਂ ਵੀ ਕਰ ਲਓ
ਪਹੁੰਚੇ ਝੱਟ-ਪੱਟ ਛੇਤੀਂ ।
ਉਹ ਸੀ ਸਾਡੇ ਸਿਰ ਦਾ ਸਾਈਂ
ਹੋਇਆ ਅੱਖੋਂ ਉਹਲੇ
ਉਸ ਦੇ ਬਾਝੋਂ ਦਿਲ ਭੈੜੇ ਦੀ
ਗੰਢ ਕਿੱਥੇ ਕੋਈ ਖੋਹਲੇ ।
ਉਸਦਾ ਪ੍ਰੇਮ ਪਾਸ਼ ਸੀ ਐਸਾ
ਹਰ ਕੋਈ ਬੱਝ ਖਲੋਇਆ
ਉਹ ਤੁਰਿਆ ਤਾਂ ਜੱਗ ਸਾਰਾ ਹੀ
ਅੱਖੀਆਂ ਭਰ ਭਰ ਰੋਇਆ ।
ਉਸਦੀ ਯਾਦ ਜਦੋਂ ਵੀ ਆਉਂਦੀ
ਹੰਝੂ ਰੁਕ ਨਹੀਂ ਪਉਂਦੇ
ਗੱਲ ਸੁਣ ਝੱਟ ਹੀ ਕੂਕੇ ਉਸਦੀ
ਘੇਰਾ ਬੰਨ ਖਲੋਂਦੇ।
ਸ਼ਾਲਾ ! ਉਸਦਾ ਬਿਰਹੜਾ
ਨਿੱਤ ਹੀ ਫੇਰਾ ਪਾਵੇ
ਜਿੰਦ ਅਸਾਡੀ ਗੀਤ ਉਸੇ ਦੇ
ਬਹਿੰਦੀ ਉੱਠਦੀ ਗਾਵੇ ।


Namdhari Elibrary NamdhariElibrary@gmail.com



Namdhari Elibrary ........ NamdhariElibrary@gmail com

ਤੇਰਾ ਸਰੂਪ ਸਾਨੂੰ ਹਾਜ਼ਰ-ਹਜ਼ੂਰ ਦਿੱਸੇ
ਕਣ ਕਣ 'ਚ ਰਮ ਰਿਹਾਂ ਏ ਜ਼ਾਹਰ-ਜ਼ਹੂਰ ਦਿੱਸੇ ।
ਇਹ ਮੋਰ ਤੇ ਪਪੀਹੇ ਤੇਰੀ ਕਹਾਣੀ ਦੱਸਦੇ
ਸੁਰ ਦੀ ਆਵਾਜ਼ ਆਵੇ ਹਾਜ਼ਰ-ਹਜ਼ੂਰ ਦਿੱਸੇ ।
ਸਭਨਾਂ ਦੇ ਦਿੱਲ ਅੰਦਰ ਤੂੰ ਸ਼ਾਮ ਬਣਕੇ ਬੈਠਾ
ਕੋਈ ਬੰਸਰੀ ਵਜਾਵੇ ਹਾਜ਼ਰ-ਹਜ਼ੂਰ ਦਿੱਸੇ ।
ਅੱਖਾਂ 'ਚੋ ਵਹਿਣ ਹੰਝੂ ਨਿੱਤ ਯਾਦ ਬਣਕੇ ਤੇਰੀ
ਤੇਰੀ ਬਾਤ ਜਾਂ ਸੁਣਾਵੇ ਹਾਜ਼ਰ-ਹਜ਼ੂਰ ਦਿੱਸੇ ।
ਵਾਅਦਾ ਤਾਂ ਕਰਕੇ ਭੁੱਲਣਾ ਔਕਾਤ ਏਸ ਜੱਗ ਦੀ
ਵਾਅਦਾ ਕੋਈ ਪੁਗਾਵੇ ਹਾਜ਼ਰ-ਹਜ਼ੂਰ ਦਿੱਸੇ ।
ਫੁੱਲਾਂ 'ਚੋਂ ਮਹਿਕ ਆਉਂਣੀ ਰੱਬੀ ਮੁਅੱਜਜ਼ਾ ਹੈ
ਬੰਦੇ 'ਚੋਂ ਮਹਿਕ ਆਵੇ ਹਾਜ਼ਰ-ਹਜ਼ੂਰ ਦਿੱਸੇ ।
ਰਾਗਾਂ 'ਚ ਸੁਰ ਲਾਉਣੇ, ਸੁਰਾਂ ਦੇ ਵਿੱਚ ਗਾਉਣਾ
ਤੇਰੇ ਜਿਹਾ ਸੁਰ ਲਾਵੇਂ ਹਾਜ਼ਰ-ਹਜ਼ੂਰ ਦਿੱਸੇ ।
ਪੂਰਬ 'ਚੋਂ ਪਹੁ ਫੁੱਟੀ ਲਾਲੀ ਨਜ਼ਰ ਹੈ ਆਈ
ਚੰਡੀ ਦੀ ਵਾਰ ਗਾਵੇਂ ਹਾਜ਼ਰ-ਹਜ਼ੂਰ ਦਿੱਸੇ ।
ਹੈ ਇੰਤਜ਼ਾਰ ਸਾਨੂੰ ਮੋਢੇ ਤੇ ਸਾਜ਼ ਲਾਵੇਂ
ਗਜ਼ ਨੂੰ ਜਰਾ ਹਿਲਾਵੇਂ ਜ਼ਾਹਰ-ਜ਼ਹੂਰ ਦਿੱਸੇਂ ।



Namdhari Elibrary NamdhariElibrary@gmail.com



Namdhari Elibrary NamdhariElibrary@gmail.com

ਰਾਤੀਂ ਸੌਣ ਤੋਂ ਪਹਿਲੋਂ ਤੁਸਾਂ ਨੂੰ ਯਾਦ ਕੀਤਾ ਸੀ
ਖ਼ੁਆਬਾਂ ਵਿੱਚ ਆਉਣੇ ਦਾ ਤੁਸਾਂ ਇਕਰਾਰ ਕੀਤਾ ਸੀ।
ਬੂਹੇ ਪਲਕਾਂ ਦੇ ਢੋਏ ਮੈਂ ਉਡੀਕਾਂ ਕਰਨ ਸਾਂ ਲੱਗਾ
ਤੇਰੀ ਯਾਦ ਵਿੱਚ ਪ੍ਰੀਤਮ ਮੈਂ ਹਉਕੇ ਭਰਨ ਸਾਂ ਲੱਗਾ ।
ਵਗੇ ਅੱਥਰੂ ਸੀ ਅੱਖੀਆਂ ਚੋਂ ਨਦੀ ਦੇ ਨੀਰ ਦੇ ਵਾਂਗੂੰ
ਚੁੱਭੇ ਯਾਦਾਂ ਦੇ ਨਸ਼ਤਰ ਨੁਕੀਲੇ ਤੀਰ ਦੇ ਵਾਂਗੂੰ ।
ਕਦੇ ਕੋਈ ਬੋਲ ਤੇਰਾ ਮਨ ਮੇਰੇ ਨੂੰ ਝੁਨਝੁਨਾਉਂਦਾ ਹੈ
ਕਦੇ ਕੋਈ ਬਚਨ ਸੁਣ ਤੇਰਾ ਮਨ ਵੀ ਗੁਣਗੁਣਾਉਂਦਾ ਹੈ ।
ਕਦੇ ਕੋਈ ਅਦਾ ਤੇਰੀ ਗਹਿਰੇ ਭੇਦ ਦੱਸਦੀ ਏ
ਰੂਹਾਨੀ ਸੋਚ ਤੇਰੀ ਜ਼ਿੰਦਗੀ ਨੂੰ ਰੇਤ ਦੱਸਦੀ ਏ ।
ਝੂਠੀ ਪ੍ਰੀਤ ਹੈ ਜੱਗ ਦੀ ਸੱਚੀ ਪ੍ਰੀਤ ਹੈ ਰੱਬ ਦੀ
ਹਯਾਤੀ ਏਸ ਨੂੰ ਕਰਮਾਂ ਦਾ ਸੰਦੜਾ ਖੇਤ ਦੱਸਦੀ ਏ ।
ਕਦੇ ਮੈਨੂੰ ਜ਼ਰਾ ਸਮਝਾਉਣ ਲਈ ਤੂੰ ਜ਼ਲਜ਼ਲੇ ਦੇਵੇਂ
ਕਦੇ ਮਨ ਨੂੰ ਹੁਲਾਰਾ ਦੇਣ ਲਈ ਤੂੰ ਵਲਵਲੇ ਦੇਵੇਂ।
ਬਹਾਨਾ ਰੋਸ ਦਾ ਕਰਕੇ ਕਦੇ ਨਾਰਾਜ਼ ਹੋ ਜਾਵੇਂ
ਕਦੇ ਸੰਗੀਤ ਦੀ ਜਾਂ ਸਾਜ਼ ਦੀ ਆਵਾਜ਼ ਹੋ ਜਾਵੇਂ।
ਕਦੇ ਅਸਮਾਨ ਨੂੰ ਛੂਹਵੇਂ ਕਦੇ ਪਾਤਾਲ ਲੁਕ ਜਾਵੇਂ
ਕਦੇ ਮਨ ਮੇਰੇ ਦੀ ਕਿਸੇ ਨੁੱਕਰ 'ਚ ਛੁਪ ਜਾਵੇਂ।
ਕਦੇ ਠੰਢੀਆਂ ਹਵਾਵਾਂ ਵਾਂਗ ਤੂੰ ਅੱਠਖੇਲੀਆਂ ਕਰਦੈਂ
ਕਦੇ ਪ੍ਰੀਤਾਂ ਵਧਾਵਣ ਲਈ ਤੂੰ ਵਾਂਗੂੰ ਬੇਲੀਆਂ ਕਰਦੈਂ ।
ਕਦੇ ਇਕਰਾਰ ਕਰਦਾ ਹੈਂ ਕਦੇ ਇਨਕਾਰ ਕਰਦਾ ਹੈਂ
ਕਦੇ ਫਿਰ ਭੀਲਣੀ ਜਹੀ ਪ੍ਰੀਤ ਦਾ ਇਜਹਾਰ ਕਰਦਾ ਹੈਂ ।


Namdhari Elibrary NamdhariElibrary@gmail.com



Namdhari Elibrary NamdhariElibrary@gmail.com

ਕਦੇ ਵੈਰਾਗ ਦੇ ਅੱਥਰੂ ਤੂੰ ਸੁੱਕਣ ਹੀ ਨਹੀਂ ਦੇਂਦਾ
ਕਦੇ ਬੁਲਾਂ ਦੇ ਹਾਸੇ ਵੀ ਤੂੰ ਮੁੱਕਣ ਹੀ ਨਹੀਂ ਦੇਂਦਾ ।
ਕਦੇ ਡਾਢਾ ਹਸਾਵੇਂ ਤੂੰ ਕਦੇ ਡਾਢਾ ਰੁਆਵੇਂ ਤੂੰ
ਕਦੇ ਲੈ ਕੇ ਕਲਾਵੇ ਵਿੱਚ ਡਾਢਾ ਹੀ ਵਰਾਵੇਂ ਤੂੰ ।
ਇਹ ਗਾਥਾ ਨਾ ਮੇਰੀ ਹੈ ਇਹ ਹਰੇਕ ਸਿੱਖ ਦੀ ਹੈ
ਇਹੋ ਹੈ ਵੇਦਨਾ ਸਭ ਦੀ ਮੇਰੀ ਤਾਂ ਕਲਮ ਲਿਖਦੀ ਹੈ।



Namdhari Elibrary NamdhariElibrary@gmail.com

# ਵਰਦਾਨ

ਬਾਤਾਂ ਓਸ ਪਿਆਰੇ ਦੀਆਂ ਭਲੀਆਂ, ਕਰ ਕਰ ਸਮਾਂ ਲੰਘਾਈਏ
ਨਿਤ ਹੀ ਪ੍ਰੀਤ ਉਹਦੀ ਦੇ ਕਿਸੇ, ਬਹਿੰਦੇ ਉੱਠਦੇ ਗਾਈਏ
ਸੁੱਖ ਦਿੱਤੇ ਜਿਸ ਆਨੰਦ-ਘਨੇਰੇ, ਬੇ-ਮੁੱਲੋਂ ਵੱਡ-ਮੁੱਲੇ
ਮਹਿਮਾਂ ਓਸ ਸੋਹਣੇ ਸਤਿਗੁਰ ਦੀ, ਸੁਣੀਏਂ ਅਤੇ ਸੁਣਾਈਏ।

1993 ਦੀ ਇਕ ਸਵੇਰੇ,ਅੰਮ੍ਰਿਤ ਵੇਲੇ ਦੇ ਇਸਨਾਨ ਉਪਰੰਤ, ਇਕਗਾਰਤਾ ਦੇ ਵਿਸਮਾਦੀ ਪਲਾਂ ਨੂੰ ਮਾਣ ਰਿਹਾ ਸਾਂ ਕਿ ਕੋਇਲ ਦੀ ਕੁਹੂ...ਕੁਹੂ ਦੀ ਆਵਾਜ ਕੰਨੀਂ ਪਈ, ਸਾਇਦ ਅੰਬਾਂ ਦੇ ਬੂਟਿਆਂ ਤੇ ਬੂਰ ਪੈ ਗਿਆ ਸੀ ਤੇ ਇਸ ਰਸ-ਭਿੰਨੇ ਅੰਬੀਆਂ ਦੇ ਬੂਰ ਦੀ ਸੁਗੰਧੀ ਨੇ ਹੀ ਕੋਇਲ ਨੂੰ ਦੂਰ- ਦਰਾਡੇ ਦੇ ਪਰਬਤਾਂ ਤੋਂ ਖਿਚ ਲਿਆਂਦਾ ਹੋਵੇਗਾ।ਹਿਰਦੇ ਦੇ ਚਿੱਤਰਪਟ ਤੇ ਬਾਬੇ ਫਰੀਦ ਦਾ ਰੂਹਾਨੀ ਰੰਗ 'ਚ ਰੰਗ-ਰੱਤਾ ਬਿੰਬ ਉਭਰਿਆ, ਬਾਬੇ ਫ਼ਰੀਦ ਦਾ ਹੱਥ ਤੇ ਉਂਗਲਾਂ ਕੋਇਲ ਨੂੰ ਮੁਖਾਤਬ ਸੀ:

ਕਾਲੀ ਕੋਇਲ ਤੂੰ ਕਿਤ ਗੁਨ ਕਾਲੀ ......
ਤੇ ਕੋਇਲ ਦੇ ਦਿੱਤੇ ਜੁਵਾਬ ਦਾ ਜਦੋਂ ਤਰਜੁਮਾ ਕੀਤਾ ਤਾਂ ਬੜੇ ਸਾਰਥਕ ਅਰਥ ਸਪਸਟ ਹੋਏ
ਆਪਣੇ ਪ੍ਰੀਤਮ ਕੇ ਹਉ ਬਿਰਹੋਂ ਜਾਲੀ

ਮਨ ਹਜਾਰਾਂ ਕੋਹਾਂ ਦੂਰ ਬੈਠੇ ਪਿਆਰੇ ਪ੍ਰੀਤਮ ਦੇ ਦਰਸਨਾ ਲਈ ਤੜਪ ਉਠਿਆ ਜੋ ਉਨ੍ਹੀਂ ਦਿਨੀਂ ਅਮਰੀਕਾ ਦੇ ਸ਼ਹਿਰ ਸਿਕਾਗੋ ਵਿੱਚ ਬਿਰਾਜਮਾਨ ਸਨ।ਜਿਹਨ ਵਿਚ ਕੁਝ ਲਫਜ ਉਘੜਨੇ ਸੁਰੂ ਹੋਏ, ਕਲਮ ਚੁਕੀ ਕਾਗਜ਼ ਦੀ ਕੈਨਵਸ ਤੇ ਇਕ ਸਬਦ ਚਿਤਰ ਵਾਹਿਆ ਗਿਆ। ਅਖਾਂ ਦੇ ਅਥਰੂ ਜਰਾ ਥੰਮੇ ਮੈਂ ਲਿਖੇ ਹੋਏ ਲਫਜ਼ ਪੜ੍ਹੇ ਇਹ ਇਕ ਰੁਬਾਈ ਸੀ:

ਵਿੱਚ ਪ੍ਰਦੇਸੀ ਸੁੱਖ ਵੰਡੀਦਾਂ ਅਸੀਂ ਹੋਏ ਕੱਲਮ-ਕੱਲੇ,
ਤੂੰ ਸਾਡੀ ਅੱਖੀਆਂ ਲਈ ਚਾਨਣ ਬਾਝੋਂ ਝਲ-ਵਲਲੇ ,
ਦਿਨ ਵੀ ਸਾਨੂੰ ਤੇਰੇ ਬਾਝੋਂ ਸੈ ਵਰਿਆਂ ਜਿਓਂ ਲੰਘੇ ;
ਜਿੰਦ ਲਬਾਂ ਤੇ ਆਈ ਜੀਕੂੰ ਹੁਣ ਵੀ ਚੱਲੇ ਚੱਲੇ ।

ਮੈਂ ਇਹ ਲਿਖਤ ਵਾਲਾ ਕਾਗਜ ਚੁਕਿਆ ਤੇ ਵੀਰ ਸੁਰਿੰਦਰ ਸਿੰਘ ਹੁਰਾਂ ਕੋਲ ਚਲਾ ਗਿਆ । ਉਹ ਨਾਮ-ਸਿਮਰਨ ਕਰ ਰਹੇ ਸਨ ਮੈਂ ਇਸਾਰੇ ਨਾਲ ਪੁੱਛਿਆ ਅਰਦਾਸ ਕਦੋਂ ਕੁ ਕਰਨੀ ਹੈ , ਉਨ੍ਹਾਂ ਇਸਾਰੇ ਨਾਲ ਹੀ ਜਵਾਬ ਦਿੱਤਾ ਇਕ


Namdhari Elibrary NamdhariElibrary@gmail.com

ਘੰਟੇ ਬਾਅਦ। ਲਿਖਤ ਵਾਲਾ ਕਾਗਜ਼ ਉਨ੍ਹਾਂ ਕੋਲ ਰੱਖ ਮੈਂ ਇਹ ਆਖ ਵਾਪਸ ਆ ਗਿਆ ਕਿ ਬਾਅਦ ਵਿੱਚ ਪੜ੍ਹ ਲਿਓ ਤਕਰੀਬਨ ਘੰਟੇ ਕੁ ਬਾਅਦ ਮੇਰੇ ਫੋਨ ਦੀ ਘੰਟੀ ਖੜਕੀ ਆਵਾਜ਼ ਸਰਦਾਰ ਸੁਰਿੰਦਰ ਸਿੰਘ ਹੁਰਾਂ ਦੀ ਸੀ ਬੜੇ ਖੁਸ਼ ਖੁਸ਼ ਬਹੁਤ ਹੀ ਅਨੰਦ ਦੀ ਅਵਸਥਾ ਵਿੱਚ ਆਖਣ ਲੱਗੇ ਸਤਿਗੁਰੂ ਜੀ ਦਾ ਫੋਨ ਆਇਆ ਸੀ ਸ਼ਿਕਾਗੋ ਤੋਂ, ਮੈਂ ਤੇਰੀ ਕਵਿਤਾ ਵੀ ਸੁਣਾ ਦਿੱਤੀ , ਸੱਚੇ ਪਾਤਸ਼ਾਹ ਜੀ ਬਹੁਤ ਖੁਸ਼ ਹੋਏ ਬਚਨ ਕੀਤਾ ਬਹੁਤ ਸੁਹਣਾ ਲਿਖਦੈ.....ਮੇਰੇ ਤਾਂ ਜੀਕੂ ਖੰਭ ਨਿਕਲ ਆਏ ਹੋਣ ਕੁਝ ਰੁਬਾਈਆਂ ਹੋਰ ਲਿਖੀਆਂ ਗਈਆਂ ਪਾਤਸ਼ਾਹ ਜੀ ਵਾਪਸ ਵਤਨ ਪਰਤੇ ਸੰਗਤਾਂ ਦਾ ਇਕ ਅਸੀਮ ਇਕੱਠ ਦਰਸ਼ਨਾ ਲਈ ਉਮਡ ਪਿਆ ਸੀ ਮੈਂ ਵੀ ਭੀੜ ਵਿੱਚ ਹੌਲੀ ਹੌਲੀ ਅਗਾਹ ਵੱਲ ਚਰਨ ਪਰਸਨ ਲਈ ਵਧ ਰਿਹਾ ਸਾਂ ਹਜ਼ੂਰ ਦਰਵਾਜ਼ੇ ਦੀ ਓਟ ਲਈ ਖਲੋਤੇ ਸਨ..ਮੌਨ ਅਵਸਥਾ ਵਿੱਚ ਮੈਂ ਚਰਨਾ ਤੇ ਸਿਰ ਝੁਕਾਇਆ ਜਦੋਂ ਮੈਂ ਉੱਠਿਆ ,ਮੈਨੂੰ ਆਪਣੀ ਕੰਡ ਤੇ ਕੋਈ ਇਲਾਹੀ ਸ਼ਪਰਸ਼ ਮਹਿਸੂਸ ਹੋਇਆ , ਇਹ ਹਜ਼ੂਰ ਦੇ ਪਵਿੱਤਰ ਹਸਤ-ਕੰਵਲ ਸਨ...ਬਚਨ ਕੀਤਾ ਸੁਣਾਓ ਕਵੀ ਜੀ ਹੋਰ ਕੀ ਲਿਖਿਆ ਏ ਖੁਸ਼ੀ ਸੀ ਕਿ ਮੈਥੋਂ ਸੰਭਾਲੀ ਨਹੀਂ ਸੀ ਜਾ ਰਹੀ ਮੇਰੇ ਸੱਜਨਾਂ ਮਿੱਤਰਾਂ ਮੁਬਾਰਕਬਾਦ ਦਿੱਤੀ ਵਰਦਾਨ ਮਿਲ ਗਿਆ, ਬੱਸ ਹੁਣ ਲਿਖੀ ਜਾਹ....ਪਿੱਛਾ ਮੁੜਕੇ ਨਾ ਵੇਖੀਂ.......................

ਮੇਰੀਆਂ ਕੁਝ ਰੁਬਾਈਆਂ ਸਪਤਾਹਿਕ ਸਤਿਯੁਗ ਵਿੱਚ ਛਪੀਆਂ ਅਤੇ ਕੁਝ ਹੋਰ ਵਾਰਸਿਕ-ਅੰਕਾਂ ਵਿੱਚ ਵੀ ਇਸ ਤੋ ਤਕਰੀਬਨ ਇਕ ਸਾਲ ਬਾਅਦ ਦੀ ਗੱਲ ਹੈ ਸ੍ਰੀ ਭੈਣੀ ਸਾਹਿਬ ਅੱਸੂ ਦਾ ਮੇਲਾ ਸੀ ਮੇਰੇ ਦੋ ਗੈਰ ਨਾਮਧਾਰੀ ਦੋਸਤ ਜੋ ਲੇਖਿਕ ਵੀ ਸਨ ਮੇਰੇ ਨਾਲ ਸਨ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਦਰਿਆਵਾਂ ਦੇ ਪਾਣੀਆਂ ਦੀ ਰਵਾਨੀ ਵਾਂਗ ਪੰਡਾਲ ਵੱਲ ਜਾ ਰਿਹਾ ਸੀ ਸਾਹਮਣੇ ਤੋਂ ਕਵੀ ਪ੍ਰੀਤਮ ਸਿੰਘ ਜੀ ਆਉਂਦੇ ਦਿਸੇ। ਸਾਡਾ ਚਾਅ ਹੋਰ ਦੂਣ-ਸਵਾਇਆ ਹੋ ਗਿਆ । ਉਹ ਦੋਵੇਂ ਵੀ ਕਵੀ ਜੀ ਦੇ ਪੁਰਾਣੇ ਵਾਕਫਕਾਰ ਸਨ । ਮੈਂ ਜਿਉਂ ਹੀ ਕਵੀ ਜੀ ਨੂੰ ਸਤਿਕਾਰ ਦੇਣ ਲਈ ਝੁਕਿਆ ਉਨ੍ਹਾਂ ਮੈਨੂੰ ਆਪਣੇ ਕਲਾਵੇ ਵਿੱਚ ਲੈ ਲਿਆ ਤੇ ਬਗਲਗੀਰ ਕਰਦਿਆਂ ਆਖਿਆ ਅਜੀਤ ਮੈਨੂੰ ਤੇਰੀਆਂ ਰੁਬਾਈਆਂ ਤੇ ਆਪਣੀਆਂ ਦਾ ਪਤਾ ਹੀ ਨਹੀਂ ਲਗਦਾ ਕਿ ਕਿਹੜੀਆਂ ਤੇਰੀਆਂ ਹਨ ਤੇ ਕਿਹੜੀਆਂ ਮੇਰੀਆਂ ।ਇਹ ਕਵੀ ਜੀ ਦਾ ਮੇਰੀ ਹੌਸਲਾ ਅਫਜ਼ਾਈ ਦਾ ਢੰਗ ਸੀ।

ਕੁਝ ਕਵਿਤਾਵਾਂ ਲਿਖੀਆਂ ਗਈਆਂ ਕੁਝ ਗੀਤ ਲਿਖੇ ਗਏ ਕੁਝ ਖੁੱਲੀਆਂ ਕਵਿਤਾਵਾਂ ਵੀ । ਮੇਰਾ ਲਾਲਚ ਕੇਵਲ ਏਨਾ ਹੀ ਹੋਇਆ ਕਰਦਾ ਸੀ ਕਿ ਸਤਿਗੁਰੂ ਜੀ ਇਨ੍ਹਾਂ ਨੂੰ ਪੜ੍ਹ ਲੈਣ ਜਾਂ ਮੈਨੂੰ ਸੁਨਾਉਣ ਦਾ ਹੁਕਮ ਕਰਨ, ਤੇ ਇਸ ਕੰਮ ਲਈ ਕੋਈ ਨਾ ਕੋਈ ਮੈਨੂੰ ਉਂਗਲ ਫੜਾ ਹੀ ਦਿੰਦਾ ।

ਇਕ ਵਾਰ ਮੈ ਇਕ ਖਤ, ਸਤਿਗੁਰੂ ਜੀ ਦੀ ਸੇਵਾ ਵਿੱਚ ਲਿਖਿਆ। ਸਤਿਗੁਰੂ ਜੀ ਕੋਠੀ ਨੰਬਰ ਇਕ ਵਿੱਚ ਸ਼ਸੋਭਿਤ

ਸਨ।ਸ੍ਰੀ ਸਾਧੂ ਸਿੰਘ ਜੀ ਕਿਸਾਨ ਅਤੇ ਸੰਤ ਹਰੀ ਸਿੰਘ ਜੀ ਵਡਾਣੀਆਂ ਸਤਿਗੁਰੂ ਜੀ ਕੋਲ ਬਿਰਾਜਮਾਨ ਸਨ । ਸੰਤ ਤਰਸੇਮ ਸਿੰਘ ਹੁਰਾਂ ਮੇਰੇ ਵਲੋਂ ਅਰਜ਼ ਕੀਤੀ ਕਿ ਜੇ ਆਪ ਜੀ ਦੀ ਆਗਿਆ ਹੋਵੇ ਅਜੀਤ ਸਿੰਘ ਹੁਰੀਂ ਉਹ ਖਤ ਆਪ ਹੀ ਪੜ੍ਹ ਕੇ ਸਣਾਉਣ ਜੋ ਇਨ੍ਹਾਂ ਆਪ ਜੀ ਦੀ ਸੇਵਾ ਵਿੱਚ ਲਿਖਿਆ ਹੈ । ਪਰਵਾਨਗੀ ਹੋਈ ਮੈਂ ਖਤ ਪੜ੍ਹਣਾ ਸ਼ੁਰੂ ਕੀਤਾ.ਇਕ ਛੋਟਾ ਪਹਿਰਾ ਹੀ ਪੜਿਆ ਸੀ ਕਿ ਫੋਨ ਦੀ ਘੰਟੀ ਖੜਕੀ । ਸੇਵਕ ਰਛਪਾਲ ਸਿੰਘ ਹੁਰੀਂ ਫੋਨ ਦਾ ਚੋਗਾ ਉਠਾਇਆ । ਅਰਜ਼ ਕੀਤੀ ਗਰੀਬ ਨਿਵਾਜ਼ ਜੀ ਕਨੇਡਾ ਤੋਂ ਫੋਨ ਹੈ ਹੁਕਮ ਹੋਇਆ ਆਖ ਠਹਿਰ ਕੇ ਕਰੇ ਮੈਨੂੰ ਫਿਰ ਮੁਢ ਤੋਂ ਖਤ ਪੜ੍ਹਣ ਦਾ ਹੁਕਮ ਹੋਇਆ, ਮੈਂ ਫਿਰ ਖਤ ਪੜ੍ਹਣਾ ਸੁਰੂ ਕੀਤਾ । ਥੋੜੀ ਦੇਰ ਬਾਅਦ ਫਿਰ ਫੋਨ ਦੀ ਘੰਟੀ ਖੜਕੀ, ਹੁਣ ਇੰਗਲੈਂਡ ਤੋ ਕਿਸੇ ਮੁਖੀ ਦਾ ਫੋਨ ਸੀ ਜੋ ਹਜੂਰ ਦੇ ਚਰਨਾ ਵਿੱਚ ਕੋਈ ਜਰੂਰੀ ਅਰਜ਼ ਕਰਨੀ ਚਹੁੰਦਾ ਸੀ ।ਹੁਕਮ ਹੋਇਆ ਇਹਨੂੰ ਕਹਿ ਠਹਿਰ ਕੇ ਕਰੇ ਨਾਲ ਹੀ ਹੁਕਮ ਕੋਇਆ ਚੋਗਾ ਚੁੱਕ ਕੇ ਹੇਠਾਂ ਰੱਖ ਦੇਹ ।ਮੈਨੂੰ ਫਿਰ ਮੁਢ ਤੋਂ ਖਤ ਪੜ੍ਹਣ ਦਾ ਹੁਕਮ ਹੋਇਆ । ਮੈਂ ਸਾਰਾ ਖਤ ਪੜ੍ਹ ਕੇ ਸੁਣਾਇਆ ਸਤਿਗੁਰੂ ਜੀ ਨੇ ਮੇਰੇ ਕੋਲੋਂ ਖਤ ਲੈਂਦਿਆਂ ਬਚਨ ਕੀਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕਿਰਪਾ ਨਾਲ ਨਾਮਧਾਰੀ ਪੰਥ ਵਿੱਚ ਬਹੁਤ ਸੁਹਣਾ ਲਿਖਣ ਵਾਲੇ ਆ ਰਹੇ ਹਨ ਮੇਰੀ ਝੋਲੀ ਵਿੱਚ ਇਕ ਹੋਰ ਵਰਦਾਨ ਦੀ ਬਖਸਿਸ ਹੋ ਗਈ ਸੀ...

ਮੇਰੇ ਸਨੇਹੀਆਂ ਤੇ ਸੱਜਣਾਂ ਮਿੱਤਰਾਂ ਖਾਸ ਕਰ ਸੰਤ ਤਰਸੇਮ ਸਿੰਘ ਹੁਰੀਂ ਮਸ਼ਵਰਾ ਦਿੱਤਾ ਕਿ ਮੈਂ ਆਪਣੀਆਂ ਕਵਿਤਾਵਾਂ ਵਿੱਚ ਆਪਣਾ ਉਪ-ਨਾਮ ਭਾਵ ਤਖੱਲਸ ਜਰੂਰ ਲਿਖਿਆ ਕਰਾਂ । ਪਰ ਪਤਾ ਨਹੀਂ ਕਿਉਂ ਮੈਂ ਆਪਣੇ ਮਨ ਨੂੰ ਇਸ ਕਰਮ ਲਈ ਕਦੇ ਰਾਜੀ ਨਾ ਕਰ ਸਕਿਆ । ਸ੍ਰੀ ਜੀਵਨ ਨਗਰ ਵਿਖੇ ਨਾਮਧਾਰੀ ਹੋਲੇ-ਮਹੱਲੇ ਦਾ ਪੁਰਬ ਸੀ, ਮੈਂ ਇਕ ਖਤ ਸੰਤ ਤਰਸੇਮ ਸਿੰਘ ਹੁਰਾਂ ਦੇ ਹੱਥ ਹੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਭੇਟ ਕਰਨ ਲਈ ਭੇਜਿਆ, ਜਿਸ ਦੇ ਲਫਾਫੇ ਉੱਪਰ ਕੇਵਲ ਇਹ ਸਬਦ ਹੀ ਲਿਖੇ ਹੋਏ ਸਨ "ਉਸ ਵੱਲ ਜੋ ਸਭਨਾ ਦਾ ਏ"

ਨਿਤਨੇਮ ਦੀ ਅਰਦਾਸ ਉਪਰੰਤ ਮੇਰਾ ਖਤ ਪਾਤਸਾਹ ਜੀ ਦੀ ਸੇਵਾ ਵਿੱਚ ਭੇਟ ਕੀਤਾ ਗਿਆ, ਲਫਾਫੇ ਨੂੰ ਆਪਣੇ ਹਸਤ-ਕੰਵਲਾਂ ਵਿੱਚ ਲੈਂਦਿਆਂ ਅਤੇ ਦੁਆਲੇ ਬੈਠੇ ਨਿਕਟਵਰਤੀ ਅਤੇ ਪ੍ਰਮੁੱਖ ਵਿਅੱਕਤੀਆਂ ਨੂੰ ਵਿਖਾਉਂਦਿਆਂ ਬਚਨ ਕੀਤਾ

ਮੈਂ ਅਜੇ ਇਹ ਖਤ ਖੋਹਲਿਆ ਨਹੀਂ ,ਇਸ ਉਪਰ ਲਿਖਣ ਵਾਲੇ ਦਾ ਨਾਮ ਵੀ ਨਹੀਂ ਲਿਖਿਆ ਹੋਇਆ ਪਰ ਮੈਨੂੰ ਪਤਾ ਹੈ ਇਹ ਖਤ ਕਿਸਦਾ ਹੈ ਸਭਨਾ ਦੇ ਚਿਹਰਿਆ ਤੇ ਸਵਾਲੀਆਂ ਚਿੰਨ੍ਹ ਸਨ.....?

ਬਚਨ ਕੀਤਾ ਇਹ ਅਜੀਤ ਲਾਇਲ ਦਾ ਹੈ ਮੈਨੂੰ ਦਿੱਤੇ ਜਾਣ ਵਾਲੇ ਮਸਵਰਿਆਂ ਦਾ ਜਵਾਬ ਮਿਲ ਚੁੱਕਾ ਸੀ।ਇਹ ਸਭ ਕੁਝ ਲਿਖਣ ਤੋਂ ਮੇਰਾ ਭਾਵ ਇਹ ਦੱਸਣਾ ਹੀ ਹੈ ਕਿ ਕਿਵੇਂ ਸਤਿਗੁਰੂ ਜੀ ਦੇ ਮੁਖਾਰਬਿੰਦ 'ਚੋਂ ਨਿੱਕਲੇ ਬਚਨ ਗੁਰਬਾਣੀ ਦੀਆਂ ਪੰਕਤੀਆਂ ਨੂੰ ਹੀ ਰੂਪਮਾਨ ਕਰਦੇ ਹਨ ਜਿਵੇਂ ਕਿ:-



Namdhari Elibrary NamdhariElibrary@gmail.com

ਆਪੇ ਦੇਹ ਵਡਿਆਈਆਂ ਆਪੇ ਹੀ ਕਰਮ ਕਰਾਈਦਾ

ਸੰਨ 2000 ਈਸਵੀ ਦੇ ਹੋਲੇ-ਮਹੱਲੇ ਦੇ ਇਕ ਵਾਕਿਆ ਦਾ ਵੀ ਜਿਕਰ ਕਰਨਾ ਚਾਹਵਾਂਗਾ । ਹੋਲੇ-ਮਹੱਲੇ ਦੇ ਸਮਾਗਮ ਦੇ ਭੋਗ ਪੈ ਚੁੱਕੇ ਸਨ । ਸੰਗਤਾਂ ਆਪੋ ਆਪਣੇ ਘਰੀਂ ਜਾ ਚੁੱਕੀਆਂ ਸਨ । ਮੈਂ ਵੀ ਲੁਧਿਆਣੇ ਆਪਣੇ ਘਰ ਆ ਚੁੱਕਾ ਸਾਂ,ਸ਼ਾਮ ਦੇ ਸਾਢੇ ਛੇ ਵੱਜੇ ਹੋਣਗੇ ਮੇਰੇ ਫੋਨ ਦੀ ਘੰਟੀ ਖੜਕੀ ਹਜ਼ੂਰੀ ਸੇਵਕ ਸੰਤ ਰਛਪਾਲ ਸਿੰਘ ਜੀ ਬੋਲ ਰਹੇ ਸਨ ਉਨ੍ਹਾਂ ਆਖਿਆ ਸਤਿਗੁਰੂ ਜੀ ਬਚਨ ਕਰਨਗੇ । ਹਜ਼ੂਰ ਦੀ ਅਵਾਜ਼ ਸੁਣ ਮੈਂ ਨਮਸਕਾਰ ਕੀਤੀ
ਬਚਨ ਹੋਇਆ

ਕੀ ਕਰਦਾ ਏਂ .........
ਕਨਵੇਅੰਸ ਹੈ ...........
ਹੁਣੇ ਭੈਣੀ ਸਾਹਿਬ ਆ ਸਕਦਾਂ ........

ਮੈਂ ਆਖਿਆ ਗਰੀਬ ਨਿਵਾਜ਼ ਜੀ ਆਪ ਜੀ ਨੇ ਯਾਦ ਕੀਤਾ ਮੈਂ ਹੁਣੇ ਆ ਰਿਹਾ ਹਾਂ । ਮੈਂ ਸ੍ਰੀ ਭੈਣੀ ਸਾਹਿਬ ਪਹੁੰਚਾ ਸਤਿਗੁਰੂ ਜੀ ਹੁਕਮ ਕੀਤਾ ਰਛਪਾਲ ਨਾਲ ਬੈਠ ਜਾਹ ਇਹ ਤੈਨੂੰ ਦੱਸ ਦੇਵੇਗਾ । ਸੰਤ ਰਛਪਾਲ ਸਿੰਘ ਹੁਰਾਂ ਦੱਸਿਆ ਕਿ ਜਿਵੇਂ ਕੱਥਕ ਨ੍ਰਿਤ ਵਿੱਚ ਕ੍ਰਿਸਨ-ਲੀਲਾ ਅਤੇ ਪੁਰਾਤਨ ਇਤਿਹਾਸ ਦੇ ਦ੍ਰਿਸਾਂ ਨੂੰ ਨ੍ਰਿਤ ਰਾਹੀਂ ਰੂਪਮਾਨ ਕੀਤਾ ਜਾਂਦਾ ਹੈ ਸਤਿਗੁਰੂ ਜੀ ਦੀ ਇੱਛਾ ਹੈ ਕਿ ਨਾਮਧਾਰੀ ਇਤਿਹਾਸ ਨਾਲ ਸਬੰਧਤ ਸਾਖੀਆਂ ਨੂੰ ਵੀ ਇਵੇਂ ਹੀ ਨ੍ਰਿਤ ਰਾਹੀਂ ਰੂਪਮਾਨ ਕਰਨ ਲਈ ਤੁਹਾਨੂੰ ਬੰਦਿਸ ਤਿਆਰ ਕਰਨ ਦਾ ਹੁਕਮ ਹੋਇਆ ਹੈ । ਸੰਤ ਰਛਪਾਲ ਸਿੰਘ ਹੁਰਾਂ ਮੈਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਦੋ ਸਾਖੀਆਂ ਸੁਣਾਈਆਂ ਅਤੇ ਅਖਿਆ ਇਨ੍ਹਾਂ ਸਾਖੀਆਂ ਤੇ ਤੁਸੀਂ ਲਿਖਣਾ ਹੈ ਮੇਰੇ ਚਿਹਰੇ ਦਾ ਰੰਗ ਬਦਲਨ ਲੱਗਾ ਮੈਂ ਆਖਿਆ ਮੈਂ ਨਾ ਪਿੰਗਲ ਪੜਿਆ, ਨਾ ਕਿਸੇ ਬਹਿਰ ਦੀ ਜਾਣਕਾਰੀ ਨਾ ਕਾਫੀਏ ਰਦੀਫ ਦੀ ਸੂਝ ਕਿਵੇਂ ਅਜਿਹੀ ਨਾਪ-ਤੋਲ ਵਾਲੀ ਰਚਨਾ ਕਰਾਂਗਾ । ਮੈਂ ਸਥਾਪਤ ਨਾਮਧਾਰੀ ਕਵੀਆਂ ਦੇ ਨਾਮ ਲੈ ਕੇ ਆਖਿਆ ਕਿ ਇਹ ਕੰਮ ਤੇ ਇਨ੍ਹਾਂ ਕਵੀਆਂ ਦੇ ਕਰਨ ਦਾ ਹੈ । ਸੰਤ ਰਛਪਾਲ ਸਿੰਘ ਹੁਰੀਂ ਆਖਿਆ ਸਾਰਿਆਂ ਬਾਰੇ ਵਿਚਾਰਿਆ ਹੈ, ਇਕੱਲੇ ਇਕੱਲੇ ਵਾਰੇ ਵੇਖ-ਵਾਚ ਕੇ ਹੀ ਸਤਿਗੁਰੂ ਜੀ ਨੇ ਤੁਹਾਡੇ ਨਾਮ ਤੇ ਮੋਹਰ ਲਾਈ ਹੈ ਤੁਸੀ ਅਰਦਾਸ ਕਰਕੇ ਲਿਖੋ ਸੱਚੇ-ਪਾਤਸਾਹ ਜੀ ਨੇ ਹੁੰਕਮ ਕੀਤਾ ਹੈ ਲਿਖਿਆ ਜਾਏਗਾ ।ਮੈਂ ਘਰ ਆ ਕੇ ਅਰਦਾਸ ਕੀਤੀ ਦੋ ਚਾਰ ਦਿਨ ਜੋੜ ਤੋੜ ਕਰਕੇ ਕੁਝ ਲਿਖਿਆ , ਸ੍ਰੀ ਭੈਣੀ ਸਾਹਿਬ ਗਿਆ ਅਤੇ ਸੰਤ ਰਛਪਾਲ ਸਿੰਘ ਹੁਰਾਂ ਨੂੰ ਹੌਲੀ ਜਿਹੇ ਕੰਨ ਵਿੱਚ ਆਖਿਆ "ਕੁਝ ਲਿਖਿਆ ਹੈ ਤੁਸੀਂ ਜ਼ਰਾ ਸੁਣ ਕੇ ਮੈਨੂੰ ਗਾਈਡ ਕਰੋ ਕੁਝ ਅਗਵਾਈ ਦਿਓ "। ਸਾਮ ਦਾ ਵਕਤ ਸੀ ਸਤਿਗੁਰੂ ਜੀ ਲਾਅਨ ਦੇ ਮਖਮਲੀ ਘਾਹ ਤੇ ਬਿਰਾਜਮਾਨ ਸਨ ਮੈਨੂੰ ਵੀ ਪਾਤਸਾਹ ਜੀ ਦੇ ਕੋਲ ਹੀ ਬੈਠਣ ਦਾ ਇਸਾਰਾ ਹੋਇਆ

ਸਤਿਗੁਰੂ ਜੀ ਨੇ ਆਪਣੇ ਹਸਤ-ਕੰਵਲਾਂ ਨਾਲ ਮੋਰਾਂ ਨੂੰ ਪ੍ਰਸਾਦੇ ਦੀ ਚੋਗ ਚੋਗਾਣੀ ਸੀ । ਇਕ ਮੋਰ ਸਤਿਗੁਰੂ ਜੀ ਤੋਂ ਆਪਣਾ ਹਿੱਸਾ ਤਾਂ ਲੈ ਹੀ ਰਿਹਾ ਸੀ ਦੂਸਰਿਆਂ ਦਾ ਹਿੱਸਾ ਵੀ ਆ ਹਸਤ-ਕੰਵਲਾਂ ਚੋਂ ਲੈ ਜਾਂਦਾ । ਸਤਿਗੁਰੂ ਜੀ ਬਚਨ ਕੀਤਾ ਇਹ ਆਪੇ ਮੇਰੇ ਹੱਥ ਚੋਂ ਖੋਹ ਕੇ ਲੈ ਜਾਂਦਾ ਹੈ, ਸੱਚ-ਮੁੱਚ ਮੇਰੇ ਸਾਹਮਣੇ ਵੀ ਉਸਨੇ ਸਤਿਗੁਰੂ ਜੀ ਦੇ ਹਸਤ-ਕੰਵਲਾਂ ਵਿੱਚ ਫੜੇ ਪ੍ਰਸਾਦੇ ਦੀ ਗਰਾਹੀ ਕਈ ਵਾਰ ਆਪਣੀ ਚੁੰਝ ਨਾਲ ਦੂਸਰੇ ਮੋਰਾਂ ਤੋ ਅੱਗੇ ਹੋ ਕੇ ਖੋਹੀ ਸੀ।ਕੇਡਾ ਹੱਕ ਸਮਝਦਾ ਸੀ, ਇਹ ਮੋਰ, ਸਤਿਗੁਰੂ ਜੀ ਤੇ ਆਪਣਾ.....

ਜਦੋਂ ਸਤਿਗੁਰੂ ਜੀ ਇਸ ਵਿਹਾਰ ਤੋਂ ਰੁਜਸਤ ਹੋਏ ਤਾਂ ਸੰਤ ਰਛਪਾਲ ਸਿੰਘ ਹੁਰੀ ਮੈਂਨੂੰ ਸੁਨਾਉਣ ਲਈ ਆਖਿਆ ਮੈਂ ਝਿਜਕ ਵਿਖਾਉਂਦਿਆਂ ਆਖਿਆ ਜ਼ਰਾ ਵਿਖਾਉਣ ਦੇ ਕਾਬਲ ਹੋ ਤੇ ਜਾਵੇ , ਆਖਣ ਲੱਗੇ ਕੋਈ ਨਾ ਜਿਵੇਂ ਦਾ ਲਿਖਿਆ ਹੈ ਤੁਸੀ ਸੁਣਾਓ ਮੈਂ ਝਿਜਕਦਿਆਂ ਜੋ ਲਿਖਿਆ ਗਿਆ ਸੀ ਸੁਣਾਇਆ ।ਹਜ਼ੂਰ ਨੇ ਬਚਨ ਕੀਤਾ ਬਹੁਤ ਸੁਹਣਾ ਲਿਖਿਆ ਗਿਆ ਹੈ ਠੀਕ ਬਣ ਗਿਆ ਏ ਰਛਪਾਲ ਨੂੰ ਦੇ ਦੇਹ ਤਿਆਰ ਕਰਵਾਏ ਹਜ਼ੂਰ ਦੇ ਚਰਨਾਂ ਵਿੱਚ ਝੁਕਿਆ ਮੇਰਾ ਸਿਰ ਮੈਥੋਂ ਚੁੱਕਿਆ ਨਾ ਗਿਆ, ਮੇਰੇ ਕੰਨਾ ਵਿੱਚ ਰੱਬੀ ਇਲਹਾਮ ਗੂਜਿਆ:

ਨਾਨਕ ਸਾ ਕਰਮਾਤ
ਸਾਹਿਬ ਤੁਠੈ ਜੋ ਮਿਲੈ।

-ਅਜੀਤ ਸਿੰਘ ਲਾਇਲ
ਸ੍ਰੀ ਭੈਣੀ ਸਾਹਿਬ 141126



Namdhari Elibrary NamdhariElibrary@gmail.com

# ਢਾਈ ਅੱਖਰ ਪ੍ਰੇਮ ਕੇ...

Namdhari Elibrary NamdhariElibrary@gmail.com

'ਸਾਜ ਨਿਵਾਜ਼' ਕਾਵਿ ਸੰਗ੍ਰਹਿ ਸ੍ਰ: ਅਜੀਤ ਸਿੰਘ ਲਾਇਲ ਦੀ ਪਲੇਠੀ ਰਚਨਾ ਹੈ। ਜਿਸ ਵਿਚ ਪ੍ਰੇਮ ਰਸ ਪਰੁੱਚੇ ਬੋਲ ਹਨ, ਵੈਰਾਗ ਦਾ ਅਲਾਪ ਹੈ, ਆਪਣੇ ਇਸ਼ਟ ਦੇਵ ਨੂੰ ਸੰਬੋਧਿਤ 'ਤੂੰ ਹੀ ਤੂੰ' ਹੋਣ ਦੇ ਮਸਤੀ ਭਰੇ ਗੀਤ ਹਨ।

ਇਸ਼ਕ ਹਕੀਕੀ ਜਾਂ ਮਜ਼ਾਜੀ,
ਦੀ ਹਕੀਕਤ ਇਕ ਹੈ।
ਇਸ਼ਕ ਰੱਬ ਹੈ,
ਅਤੇ ਰੱਬ ਦੋ ਹੋ ਸਕਦਾ ਨਹੀਂ।

ਇਸ ਕਾਵਿ-ਸੰਗ੍ਰਹਿ ਦੀਆਂ ਸਮੁੱਚੀਆਂ ਰਚਨਾਵਾਂ ਸੁੱਚੇ ਇਸ਼ਕ ਦੇ ਰੱਬੀ ਗੀਤ ਹਨ। ਭਾਵੁਕਤਾ ਨਾਲ ਓਤ-ਪੋਤ ਬਸੰਤ ਬਹਾਰ ਜਿਹਾ ਖੇੜਾ ਅਤੇ ਮਹਿਕ ਹੈ, ਇਸ ਗੁਰ-ਗੀਤਾਂਜ਼ਲੀ ਵਿਚ।

'ਪ੍ਰੇਮ' ਆਪਣੇ ਆਪ ਵਿਚ ਇਕ ਦੈਵੀ-ਕ੍ਰਿਸ਼ਮਾਂ ਹੈ, ਮਨੁੱਖ ਤੋਂ ਦੇਵਤਾ ਹੋਣ ਦੀ ਕਰਾਮਾਤ। ਪ੍ਰੇਮ ਕੀਤਾ ਨਹੀਂ ਜਾਂਦਾ, ਹੋ ਜਾਂਦਾ ਹੈ, ਜੋ ਮਨੁੱਖ ਨੂੰ ਸੰਵੇਦਨਸ਼ੀਲ, ਵੈਰਾਗੀ ਅਤੇ ਤਿਆਗੀ ਬਣਾ ਦਿੰਦਾ ਹੈ। ਆਪਣੇ ਸੁਖ ਕਿਸੇ ਤੋਂ ਕੁਰਬਾਨ ਕਰਨ ਦਾ ਨਾਂ ਪ੍ਰੇਮ ਹੈ। ਆਤਮ, ਪਰ-ਆਤਮ ਦਾ ਭੇਦ ਮਿਟਾ ਕੇ ਪਰਮ-ਆਤਮਾ, 'ਪ੍ਰਮਾਤਮਾ' ਨਾਲ ਅਭੇਦ ਹੋਣ ਦਾ ਮਾਰਗ-

ਕੋਈ ਦੁਸ਼ਮਣ ਨਹੀਂ ਦਿਸਦਾ,
ਸਭ ਸੱਜਣ ਜਹੇ ਲੱਗਦੇ ਨੇ,
ਇਸ਼ਕ ਨੇ ਇਸ ਜਗ੍ਹਾ ਪੁਚਾ ਦਿੱਤਾ ਹੈ,
ਐ ਦਿਲਾ!

ਪ੍ਰੇਮ ਜੇ ਹੋ ਜਾਵੇ ਕਿਸੇ ਰੱਬੀ-ਰੂਹ ਨਾਲ, ਪ੍ਰੇਮ ਦੇ ਸੋਮੇ ਸਤਿਗੁਰੂ ਨਾਲ ਫੇਰ 'ਮਤਿ ਵਿਚ ਰਤਨ ਜਵਾਹਰ ਮਾਣਿਕ, ਉਪਜਦੇ ਹਨ, 'ਸੁਪਰ-ਅਕਲ' ਕੰਮ ਕਰਨ ਲੱਗਦੀ ਹੈ। ਠੀਕ ਹੀ ਕਿਸੇ ਵਿਦਵਾਨ ਦਾ ਕਥਨ ਹੈ 'ਢਾਈ ਅੱਖਰ ਪ੍ਰੇਮ ਕੇ, ਪੜੇ ਸੋ ਪੰਡਿਤ ਹੋਇ।' ਜਿਸ ਹਿਰਦੇ ਵਿਚ ਇਹ ਢਾਈ ਅੱਖਰ ਵੱਸ ਗਏ ਉਹ ਪੰਡਿਤ ਹੋ ਗਿਆ, ਗਿਆਨਵਾਨ, ਪ੍ਰਕਾਸ਼ਵਾਨ ਅਤੇ ਮਹਿਕਾਂ ਦਾ ਵਣਜਾਰਾ ਬਣ ਗਿਆ। ਸਾਹਿਬ ਗੁਰੂ ਗੋਬਿੰਦ ਸਿੰਘ ਜੀ ਫੁਰਮਾਉਂਦੇ ਹਨ -ਮੈਂ ਸੱਚ ਆਖਦਾ ਹਾਂ ਕਿ ਰੱਬ ਨੂੰ ਮਿਲਣ ਦਾ ਇਹੋ ਸਹਿਜ ਮਾਰਗ ਹੈ 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।'

ਜਿਵੇਂ ਸਾਗਰ ਅਥਾਹ ਹੈ, ਬ੍ਰਹਿਮੰਡ ਅਨੰਤ ਹੈ, ਪ੍ਰਮਾਤਮਾ ਬੇਅੰਤ ਹੈ ਇਸੇ ਤਰ੍ਹਾਂ ਪ੍ਰੇਮ ਦੇ ਢਾਈ ਅੱਖਰਾਂ ਦੀ ਵਿਆਖਿਆ ਦਾ ਵੀ ਕਿਸੇ ਅੰਤ ਨਹੀ ਪਾਇਆ। ਇਹ ਤਾਂ 'ਆਪ ਗਵਾਈਐ ਤਾ ਸਹੁ ਪਾਈਐ' ਦੀ ਖੇਡ ਹੈ। ਪ੍ਰੇਮ ਸਾਗਰ ਦੀਆਂ ਲਹਿਰਾਂ ਦਾ ਅਨਹਦ-ਨਾਦ ਹੈ, -ਲਾਇਲ ਜੀ ਦੀਆਂ ਰਚਨਾਵਾਂ ਵਿਚ।

ਲਾਇਲ ਜੀ ਦੀਆਂ ਕਾਵਿਕ ਵੰਨਗੀਆਂ ਬਾਰੇ ਗੱਲ ਕਰਨ ਤੋਂ ਪਹਿਲੋਂ ਉਨ੍ਹਾਂ ਦੇ ਨਿੱਜੀ ਵਿਅਕਤੀਤਵ ਬਾਰੇ ਕੁਝ ਸਤਰਾਂ ਪਾਠਕਾਂ ਨਾਲ ਸਾਂਝੀਆਂ ਕਰਨ ਨੂੰ ਜੀਅ ਕਰਦਾ ਹੈ। -ਸ੍ਰ: ਅਜੀਤ ਸਿੰਘ ਲਾਇਲ ਉਨ੍ਹਾਂ ਕਵੀਆਂ ਚੋਂ



Namdhari Elibrary NamdhariElibrary@gmail.com

ਨਹੀਂ ਹਨ ਜਿਨ੍ਹਾਂ ਹਰ ਕਵੀ ਦਰਬਾਰ ਵਿਚ ਨਵੀਂ ਰਚਨਾਂ ਲੈ ਕੇ ਹਾਜਰ ਹੋਣਾ ਹੁੰਦਾ ਹੈ ਜਾਂ ਹਰ ਵਰ੍ਹੇ ਆਪਣੀਆਂ ਰਚਨਾਵਾਂ ਦੀ ਪੁਸਤਕ ਪਾਠਕਾਂ ਤੱਕ ਪੁੱਜਦੀ ਕਰਨੀ ਹੁੰਦੀ ਹੈ। ਜੋ ਪਿੰਗਲ ਦੇ ਨੇਮਾਂ ਦੀਆਂ ਸੀਮਾਵਾਂ ਨੂੰ ਕਦੇ ਪਾਰ ਨਹੀ ਕਰਦੇ। ਸਗੋਂ ਲਾਇਲ ਜੀ ਤਾਂ ਆਪਣੀ ਫੈਕਟਰੀ ਵਿਚ ਸਾਰਾ ਦਿਨ ਖਰਾਦ ਤੇ ਕੰਮ ਕਰਨ ਵਾਲੇ ਕਿਰਤੀ ਗੁਰ-ਸਿੱਖ ਹਨ। ਜਿਨ੍ਹਾਂ ਨੂੰ ਬਚਪਨ ਵਿਚ ਸੰਤ ਸਾਧੂ ਸਿੰਘ ਵਰਗੇ ਭਜਨੀਕ ਦਾਦੇ ਦੀ ਸੰਗਤ ਦਾ ਸੁਭਾਗ ਮਿਲਿਆ। ਸੰਤ ਮੋਹਣ ਸਿੰਘ ਵਰਗੇ ਗੁਰੂ-ਜਸ ਕਰਨ ਵਾਲੇ ਪਿਤਾ ਦਾ ਸਾਥ ਮਿਲਿਆ। ਜਵਾਨੀ ਉਮਰੇ ਵਿਦਿਅਕ ਸੰਮੇਲਨਾਂ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਮਹਿਕਾਂ ਵੰਡਦੀ ਮਿਕਨਾਤੀਕੀ ਸਖਸੀਅਤ ਨੂੰ ਨੇੜਿਓਂ ਮਾਨਣ ਦਾ ਅਵਸਰ ਮਿਲਿਆ। ਸਤਿਗੁਰੂ ਸਚੇ-ਪਾਤਸ਼ਾਹ ਜੀ ਦੀ ਪ੍ਰੇਰਣਾ ਸਦਕਾ ਹੀ ਸਾਹਿਤਕ ਲਗਨ ਲਗ ਗਈ। ਚੰਗੀਆਂ ਪੁਸਤਕਾਂ ਦਾ ਲਾਇਲ ਜੀ ਪਾਸ ਕੇਵਲ ਸੰਗ੍ਰਹਿ ਹੀ ਨਹੀਂ ਸਗੋਂ ਪੁਸਤਕਾਂ ਪੜ੍ਹਦੇ ਵੀ ਹਨ। ਪਸੰਦੀ ਦਾ ਪੰਗਤੀਆਂ ਕੇਵਲ ਅੰਡਰ-ਲਾਈਨ ਹੀ ਨਹੀਂ ਕਰਦੇ ਸਗੋਂ ਜੋ ਕੁਝ ਬਹੁਤ ਚੰਗਾ ਲੱਗੇ ਇਕ ਵਧੀਆ ਕਾਪੀ ਤੇ ਨੋਟ ਕਰ ਲੈਂਦੇ ਹਨ। ਕਾਪੀਆਂ ਤੇ ਦੋ ਰੰਗੀ ਸਿਆਹੀ ਨਾਲ ਸੁੰਦਰ ਅੱਖਰ ਇਵੇਂ ਸਜਾਏ-ਸੰਵਾਰੇ ਹੁੰਦੇ ਹਨ ਜਿਵੇਂ ਕੋਈ ਚਿੱਤਰਕਾਰੀ ਕੀਤੀ ਹੋਵੇ। ਪੜ੍ਹਨ ਤੋਂ ਪਹਿਲੋਂ ਕਾਪੀ ਵਾਰ-ਵਾਰ ਫਰੋਲ ਕੇ ਵੇਖਣ ਨੂੰ ਜੀਅ ਕਰਦਾ ਹੈ। ਪਰ ਜਦ ਪੜ੍ਹਣ ਲੱਗ ਜਾਈਏ ਫੇਰ ਤੇ ਕਿਆ ਬਾਤ ਹੈ ! ਹਟਣ ਨੂੰ ਜੀਅ ਨਹੀਂ ਕਰਦਾ।

ਇਸ ਤੋਂ ਬਿਨਾਂ ਨਿੱਜੀ ਜੀਵਨ ਵਿਚ ਫੌਜ਼ੀਆਂ ਵਾਂਗ ਅਨੁਸਾਸਨ ਦੇ ਪੱਕੇ, ਹਰ ਅਦਾ ਵਿਚ ਸੁਹਜ, ਸੁਚੱਜ, ਬੋਲਾਂ ਵਿਚ ਮਿਠਾਸ ਅਤੇ ਅਪੱਣਤ ਹੈ, ਨੌਕਰਾਂ ਨਾਲ ਵੀ ਸੱਜਣਾ ਵਾਂਗ ਵਰਤਾਓ ਕਰਨਾਂ ਆਪ ਦਾ ਸਹਿਜ ਸੁਭਾਅ ਹੈ।

ਸਤਿਜੁਗ ਤੇ ਪੁਰਾਣੇ ਪਰਚਿਆਂ ਵਿਚ ਜਾਂ ਸਲਾਨਾ ਅੰਕਾਂ ਵਿਚ ਭਾਂਵੇ ਲਾਇਲ ਜੀ ਦੀਆਂ ਵਾਰਤਕ ਰਚਨਾਵਾਂ ਛਪਦੀਆਂ ਰਹੀਆਂ ਹਨ ਪਰ ਕਾਵਿਕ ਰਚਨਾਵਾਂ ਦੀ ਉਪਜ ਤਾਂ ਕੇਵਲ ਸਤਿਗੁਰੂ ਜਗਜੀਤ ਸਿੰਘ ਜੀ ਦੇ ਕੀਤੇ ਇਕ ਬਚਨ ਦੀ ਕਰਾਮਾਤ ਹੈ। ਜਦੋਂ ਲਾਇਲ ਜੀ ਨੇ ਜੀਵਨ ਦੀ ਪਹਿਲੀ ਰੁਬਾਈ ਲਿਖੀ। ਸੁਰਿੰਦਰ ਸਿੰਘ ਰਾਹੀਂ ਟੈਲੀਫੋਨ ਤੇ ਹੀ ਵਿਦੇਸ ਦੌਰੇ ਦੌਰਾਨ ਹਜੂਰ ਦੀ ਚਰਨ ਭੇਂਟ ਹੋਈ। ਸ੍ਰੀ ਹਜ਼ੂਰ ਦੌਰੇ ਤੋਂ ਵਾਪਸ ਆਏ, ਸੰਗਤ ਵਿਚ ਦਰਸ਼ਨ ਕਰਨ ਹੱਥ ਜੋੜੀ ਖੜੇ ਲਾਇਲ ਵੱਲ ਮੇਹਰ ਨਦਰਿ ਕਰਦਿਆਂ ਸਚੇ-ਪਾਤਸ਼ਾਹ ਜੀ ਨੇ ਫੁਰਮਾਇਆ - 'ਸੁਣਾਓ ਕਵੀ ਜੀ, ਹੋਰ ਕੀ ਲਿਖਿਆ ਹੈ?!' ਬਸ ਬਚਨ ਹੋ ਗਿਆ ਤੇ ਹਿਰਦੇ ਚੋਂ ਕਵਿਤਾ ਦਾ ਪ੍ਰਵਾਹ ਚੱਲ ਪਿਆ।

ਸਤਿਗੁਰੂ ਸੱਚੇ-ਪਾਤਸ਼ਾਹ ਜੀ ਦੇ ਥਾਪੜੇ ਨੇ ਅਜੀਤ ਸਿੰਘ ਲਾਇਲ ਨੂੰ ਪ੍ਰੇਮ ਦੀ ਰੰਗਨ ਵਿਚ ਰੰਗ ਦਿੱਤਾ। 'ਹੱਥ ਕਾਰ ਵੱਲ, ਚਿਤ ਯਾਰ ਵੱਲ, ਰਹਿਣ ਲੱਗਾ। ਦਿਨ ਭਰ ਫੈਕਟਰੀ ਵਿਚ ਕੰਮ ਕਰਦਿਆਂ ਗੁਰੂ ਜਸ ਨੂੰ ਗੁਣ-ਗੁਣਾਉਂਦੇ ਰਹਿਣਾ। ਪ੍ਰੇਮ ਭਾਵ ਦੇ ਦਹੀਂ ਨੂੰ ਤਰੰਨਮ ਦੀ ਮਧਾਣੀ ਨਾਲ ਰਿੜਕਦਿਆਂ ਕਾਵਿਕ ਬੋਲਾਂ ਦਾ ਮੱਖਣ ਤਰਨ ਲੱਗਣਾ। ਜਿਹੜਾ ਵੀ ਕਾਗਜ ਦਾ ਟੁਕੜਾ ਪਾਸ ਹੋਵੇ ਉਸ ਤੇ ਉਹਨਾਂ ਸ਼ਬਦਾਂ ਨੂੰ ਨੋਟ ਕਰਕੇ ਜੇਬ ਵਿਚ ਪਾ ਲੈਣਾ। ਘਰ ਆ ਕੇ ਇਕਾਂਤ ਵਿਚ ਬੈਠ ਉਨ੍ਹਾਂ ਨੋਟ ਕੀਤੇ ਕਾਵਿਕ ਬੋਲਾਂ ਨੂੰ ਤਰਤੀਬਨਾਂ, ਤਰਾਸ਼ਨਾਂ, ਚਮਕਾਉਣਾ ਅਤੇ ਆਪਣੀ ਵਿਸੇਸ ਨੋਟ-ਬੁੱਕ ਤੇ ਸਜਾ ਲੈਣਾ। ਫੇਰ ਜਦੋਂ ਸੁਭਾਗ ਸਮਾਂ ਹੋਵੇ ਸ੍ਰੀ ਹਜੂਰ ਦੇ ਸਨਮੁਖ ਭੇਂਟ ਕਰ ਸੁਣਾ ਕੇ ਆਪਣੀ ਘਾਲ ਥਾਇ ਪਈ ਮਹਿਸੂਸ ਕਰਨੀ। ਇਸ ਤਰ੍ਹਾਂ ਸਹਿਜ-ਅਨੁਭਵ ਵਿਚੋਂ ਹੋਂਦ ਵਿਚ ਆਈਆਂ ਹਨ,ਇਹ ਅਨਮੋਲ

ਰਚਨਾਵਾਂ। ਇਹ ਰਚਨਾਵਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰੇਮ-ਰੰਗ ਦੀ ਸਿਰਜਣਾ ਹੈ। ਆਪਜੀ ਦੇ ਜੀਵਨ ਦੇ ਬੇਅੰਤ ਪਹਿਲੂ ਅਤੇ ਅਨੰਤ ਰੰਗ ਹਨ ਪਰ ਜਿਸ ਰੰਗ ਵਿੱਚ ਸਮੇਂ ਦੀ ਸੀਮਾ ਨਹੀਂ ਸੀ ਹੁੰਦੀ, ਜੋ ਪ੍ਰਸਾਦ ਆਪ ਜੀ ਨੇ ਜੀਵਨ ਭਰ ਦੋਵੇਂ ਹੱਥੀਂ ਵੰਡਿਆ-ਉਹ ਹੈ ਰਾਗ ਨਾਦ ਅਤੇ ਰਾਗ ਰੂਪ ਸਤਿਗੁਰੂ ਸਨ 'ਸਾਜ ਨਿਵਾਜ'।

ਇਨ੍ਹਾਂ ਵਿਚ ਰੁਬਾਈਆਂ, ਗੀਤ , ਗਜ਼ਲਾਂ, ਟੋਟਕੇ ਅਤੇ ਖੁੱਲੀ ਕਵਿਤਾ ਆਦਿ ਅਨੇਕਾਂ ਕਾਵਿਕ ਵੰਨਗੀਆਂ ਹਨ। ਲਾਇਲ ਜੀ ਦੀ ਸਾਹਿਤਕ ਵਿਲੱਖਣਤਾ ਹੈ ਕਿ ਆਪ ਦੀ ਵਾਰਤਕ ਰਚਨਾਂ ਵਿਚ ਵੀ ਕਾਵਿਕ ਰਵਾਨੀ ਅਤੇ ਰੋਚਕਤਾ ਹੁੰਦੀ ਹੈ ਅਤੇ ਕਵਿਤਾ ਵਿਚ ਵਾਰਤਕ ਵਾਂਗ ਸਪਸ਼ਟਤਾ ਅਤੇ ਸਰਲਤਾ ਹੈ।

ਸਾਜ਼ ਨਿਵਾਜ਼' ਕਾਵਿ ਸੰਗ੍ਰਹਿ ਦੀਆਂ ਸਾਰੀਆ ਰਚਨਾਵਾਂ ਹੀ ਆਪਣੇ ਇਸ਼ਟ ਦੇਵ ਦੀ ਪ੍ਰਕਰਮਾਂ ਕਰਦੀਆ ਹਨ। ਰੁੱਖ ਦੀ ਸੰਘਣੀ ਹਰਿਆਵਲ ਦੇ ਪੱਤੇ-ਪਤੇ ਵਿਚ ਸਮੋਏ ਪਾਣੀ ਵਾਂਗ ਹਰ ਪੰਗਤੀ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਨਾਮ ਸਮੋਇਆ ਹੋਇਆ ਹੈ।

ਤੇਰਾ ਉਹ ਗੁਣ ਗੁਣਾਉਣਾ, ਤੇ ਗੀਤ ਰੱਬੀ ਗਾਉਣਾ।
ਸੰਗੀਤ ਦਾ ਉਹ ਆਲਮ, ਰਾਹੀਆਂ ਨੇ ਰੁਕ ਖਲੋਣਾ।
ਛੂਹ ਪੋਟਿਆਂ ਦੀ ਪਾ ਕੇ, ਤਾਰਾ ਚੋਂ ਰਾਗ ਝਰਨਾਂ।
ਪੌਣਾਂ ਨੇ ਮਹਿਕ ਉਠਣਾ, ਜਾਂ ਤਾਊਸ਼ ਹੱਥੀਂ ਫੜਨਾਂ।

ਪੰਜਾਬੀ ਦੇ ਪ੍ਰਸਿੱਧ ਸਾਇਰ ਸੁਰਜੀਤ ਪਾਤਰ ਇਕ ਗਜ਼ਲ ਵਿਚ ਰਾਗ-ਰੂਪ ਸਤਿਗੁਰੂ ਜਗਜੀਤ ਸਿੰਘ ਜੀ ਨੂੰ 'ਸਾਜ਼-ਨਿਵਾਜ਼' ਸ਼ਬਦ ਨਾਲ ਸੰਬੋਧਨ ਕਰਦੇ ਹਨ।

ਇਹ ਨੇ ਸਾਜ਼ ਤੇ ਸਾਜ਼ ਨਿਵਾਜ਼ ਤੂੰ,
ਤੇ ਫਿਜ਼ਾ ਨੂੰ ਧੁਨ ਦੀ ਉਡੀਕ ਹੈ।

ਲਾਇਲ ਜੀ ਦੀਆਂ ਰਚਨਾਵਾਂ ਵਿਚ ਵੀ ਭਾਵੇਂ ਸਤਿਗੁਰੂ-ਸੱਚੇਪਾਤਸ਼ਾਹ ਜੀ ਦੀ ਬਹੁਪੱਖੀ ਸ਼ਖ਼ਸ਼ੀਅਤ ਦੇ ਅਨੇਕਾਂ ਪਹਿਲੂਆਂ ਦਾ ਗੁਣ-ਗਾਣ ਹੈ ਪਰ ਸ੍ਰੀ ਹਜ਼ੂਰ ਦੁਆਰਾ ਰੱਬੀ ਰਾਗ ਦੇ ਅਲਾਪ ਅਤੇ ਤਾਊਸ ਦੇ ਅਨਹਦ ਨਾਦ ਦਾ ਵਾਰ-ਵਾਰ ਜਿਕਰ ਹੈ, ਰੁਬਾਈ ਦੇ ਬੋਲ ਹਨ

ਮਾਖਿਓਂ ਮਿੱਠੇ ਬੋਲ ਤੁਸਾਂ ਦੇ, ਠੰਡ ਨੇ ਸੀਨੇ ਪਾਉਂਦੇ।
ਜਾਂ ਤੁਸੀਂ ਆ ਕੇ ਵਿਚ ਵਜਦ ਦੇ, ਰੱਬੀ ਰਾਗ ਸੁਣਾਉਂਦੇ।
ਅੰਮ੍ਰਿਤ ਵੇਲਾ ਵਾਰ ਆਸਾ ਦੀ, ਤਊਸ਼ ਤਿਰੇ ਦੀਆਂ ਤਾਰਾਂ।
ਪੋਟਿਆਂ ਦੀ ਛੂਹ ਪਾ ਕੇ ਸਾਈਆਂ, ਸਮਾਂ ਨੇ ਬੰਨ ਬਹਾਉਂਦੇ।

ਲੇਖਕ ਆਪਣੇ ਸਤਿਗੁਰੂ ਨੂੰ ਸਿੱਖੀ ਦੀ ਆਨ-ਸ਼ਾਨ ਅਤੇ ਚਾਨਣ-ਮੁਨਾਰਾ ਲਿਖਦਾ ਹੈ-

ਹੈ ਸਿੱਖੀ ਦੀ ਆਨ ਗੁਰ ਜਗਜੀਤ ਸਿੰਘ,



Namdhari Elibrary NamdhariElibrary@gmail.com

ਤੇ ਸਿੱਖੀ ਦੀ ਸ਼ਾਨ ਗੁਰ ਜਗਜੀਤ ਸਿੰਘ।

ਪ੍ਰੇਮ ਵਿਚ ਨਹੀਂ ਨੇਮ ਕੋਈ ਜਾਣਦਾ,
ਭੀਲਣੀ ਲਈ ਰਾਮ ਗੁਰ ਜਗਜੀਤ ਸਿੰਘ।

ਰਹਿਨੁਮਾ ਰਹਿਬਰ ਤੇ ਪੂਰਾ ਸਤਿਗੁਰੂ,
ਧਰਮ ਤੇ ਈਮਾਨ ਗੁਰ ਜਗਜੀਤ ਸਿੰਘ।

ਕਿਤੇ ਲੋਕ ਬੋਲੀਆਂ ਦੀ ਤਰਜ਼ ਤੇ, ਗੁਰੂ ਪ੍ਰੇਮ ਦੇ ਵਲਵਲੇ ਪੇਸ਼ ਹਨ।

ਚੜ੍ਹਦਿਆਂ ਸੂਰਜਾਂ ਦੀ ਕੇਡੀ ਸੋਹਣੀ ਲਾਲੀ ਏ,
ਝੂਠੀ ਤੋੜ ਪ੍ਰੀਤ ਸੱਚੀ ਤੇਰੇ ਨਾਲ ਪਾਲੀ ਏ।

ਚੜ੍ਹਦਿਆਂ ਸੂਰਜਾਂ ਦਾ ਮੁੱਖ ਕਿਵੇਂ ਦਗਦਾ,
ਕਸਮ ਖੁਦਾ ਦੀ ਤੂੰ ਏਂ ਨੂਰ ਨਿਰਾ ਰੱਬ ਦਾ।

ਡੁੱਬਦਿਆਂ ਸੂਰਜਾਂ ਦਾ ਰੰਗ ਸਾਨੂੰ ਭਾਏ ਨਾ,
ਤੇਰੇ ਬਿਨ ਦਿਨ ਸਾਡੀ ਜ਼ਿੰਦਗੀ 'ਚ ਆਏ ਨਾ।

'ਸੋਹਣੀ ਦਾ ਕਿੱਸਾ ਲਿਖਦਿਆਂ ਫਜਲ ਸ਼ਾਹ ਦਰਸ਼ਨਾਂ ਦੀ ਤਾਂਗ ਬਿਆਨਦਾ ਹੈ।
ਔਗਣਹਾਰ ਲਾਲਾਚ ਬੀਮਾਰ ਪਈਆਂ,
ਤੇਰਾ ਦੇਖਣਾ ਮੁੱਖ ਦਵਾ ਜਾਨੀ।
ਲਾਇਲ ਜੀ ਵੀ ਆਪਣੇ ਪਿਆਰੇ ਸਤਿਗੁਰੂ ਦੇ ਦਰਸ਼ਨ ਪਰਸਣ ਲਈ ਖੰਭਾਂ ਦੀ ਮੰਗ ਕਰਦੇ ਹਨ-
ਤੁਸਾਂ ਦੀ ਯਾਦ ਆਈ ਤਾਂ ਖੰਭਾਂ ਦਾ ਖਿਆਲ ਆਇਆ
ਕਿਸੇ ਮੁੱਲੋਂ ਵੀ ਮਿਲ ਜਾਂਦੇ ਮੈਂ ਝੱਟ ਨੂੰ ਪਹੁੰਚ ਜਾਣਾ ਸੀ
ਪਰ ਇਹ ਸਿੱਖੀ ਭਾਵਨਾ ਹੈ ਕਿ ਆਪਣੇ ਸਤਿਗੁਰੂ ਨੂੰ ਕਦੇ ਨਿਹੋਰਾ ਨਹੀ, ਉਲ੍ਹਾਮਾਂ ਨਹੀਂ ਦਿੱਤਾ ਜਾਂਦਾ ਸਗੋਂ ਜੇ ਘਾਟ ਮਹਿਸੂਸ ਕੀਤੀ ਜਾਂਦੀ ਹੈ ਤਾਂ ਆਪਣੀ ਹੀ, ਅਗਲੀਆਂ ਪੰਗਤੀਆਂ ਹਨ

Namdhari Elibrary NamdhariElibrary@gmail.com

ਕਿਤੇ ਤਾਂ ਕਸਰ ਹੈ ਕੋਈ, ਮੇਰੀ ਹੀ ਵੇਦਨਾਂ ਅੰਦਰ।
ਤੁਸਾਂ ਤੱਕ ਪੁੱਜ ਗਈ ਹੁੰਦੀ, ਤੁਸਾਂ ਝੱਟ ਪਹੁੰਚ ਜਾਣਾ ਸੀ।

ਦਰਸ ਪਿਆਸੇ ਨੂੰ ਜਦ ਦੀਦਾਰ ਹੁੰਦਾ ਹੈ ਤਾਂ ਸਵਾਂਤੀ ਬੂੰਦ ਪਾ ਕੇ ਪਪੀਹੇ ਵਾਂਗ ਤ੍ਰਿਪਤ ਹੋਏ ਲੇਖਕ ਦੀ ਕਲਮ ਲੰਮੀ ਜੁਦਾਈ ਪਿੱਛੋਂ ਵਸਲ ਦੇ ਸੁਖ ਦਾ ਬਿਆਨ ਕਰਦੀ ਹੈ-
ਆਏ ਹੋ ਸਾਡਾ ਤਨ ਮਨ ਮਉਲਿਆ, ਚਾਵਾਂ ਨੂੰ ਖੰਬ ਲੱਗੇ।
ਸੀਤ ਪੌਣ ਜਿਵੇਂ ਵਿਚ ਹਾੜਾਂ, ਆਣ ਪਹਾੜੋਂ ਵੱਗੇ।
ਜਾਂ ਫਿਰ ਪੋਹ ਮਾਘ ਦੀਆਂ ਰਾਤਾਂ, ਨਿੱਘੀਆਂ ਤੇਰੇ ਸਾਹੀਂ।
ਨਦਰ, ਬੋਲ, ਤੇਰੀ ਛੁਹ ਮਿਲ ਜਾਏ, ਸਾਨੂੰ ਰੱਬੀ ਰਹਿਮਤ ਲਗੇ॥
ਇਸ ਕਾਵਿ ਸੰਗ੍ਰਹਿ ਵਿਚ ਪਾਠਕ ਬੁਝਾਰਤਾਂ ਦਾ ਅਨੰਦ ਵੀ ਮਾਨਣਗੇ। ਸਤਿਗੁਰੂ ਦੀ ਸਿਫਤ ਸਾਲਾਹ ਦੀ ਕਾਵਿ-ਕਿਆਰੀ ਦੇ ਫੁਲਾਂ ਜੇਹੇ ਮਹਿਕਾਂ ਵੰਡਦੇ ਸ਼ਬਦਾਂ ਰਾਹੀਂ:

ਹੈ ਕੌਣ ਜੀਹਦਾ ਸਾਨੀ ਜੱਗ ਦਿੱਸੇ ਕੋਈ ਨਾ,
ਬਣਦੈ ਸਹਾਰਾ ਜਿਹਨੂੰ, ਢੋਈ ਕੋਈ ਨਾ।....

ਹੈ ਕੌਣ ਜਿਹੜਾ ਪ੍ਰੀਤਾਂ ਵਾਲੇ ਰਾਹੀਂ ਤੋਰਦੈ,
ਵੈਰ, ਨਿੰਦਾ, ਈਰਖਾ ਤੋਂ ਸਦਾ ਹੋੜਦੈ।

ਗਲੀਂ ਬਾਤੀਂ ਮੈਂ ਤਾਂ ਇਕ ਬਾਤ ਪਾਈ ਹੈ,
ਬੁੱਝੂ ਜਿਹੜਾ ਉਹਦੀ ਆਪਣੀ ਭਲਾਈ ਹੈ।

ਗੁਰਬਾਣੀ ਅਨੁਸਾਰ ਗੁਰੂ ਚਰਨਾਂ ਦੀ ਪ੍ਰੀਤ ਹੀ ਸਿੱਖ ਦਾ ਧਰਮ ਹੈ, ਕਰਮ ਹੈ, ਈਮਾਨ ਹੈ, ਇਬਾਦਤ ਹੈ-
ਮਾਈ ਮੇਰੇ ਮਨ ਕੀ ਪ੍ਰੀਤਿ,
ਏਹੀ ਕਰਮ ਧਰਮ ਜਪੁ ਏਹੀ,
ਰਾਮ ਨਾਮ ਨਿਰਮਲ ਹੈ ਰੀਤਿ।

ਲੇਖਕ ਦੀ ਇਬਾਦਤ ਹੈ- ਆਪਣੇ ਮੁਰਸ਼ਦ ਨੂੰ ਤੱਕਣਾ, ਉਸ ਦਾ ਹੋਣਾ, ਉਹਦੀ ਲੋਕਾਈ ਨੂੰ ਪਿਆਰ ਕਰਨਾ ਤੇ ਪਰ-


Namdhari Elibrary NamdhariElibrary@gmail.com

ਉਪਕਾਰੀ ਹੋਣਾ ਹੈ:
ਇਬਾਦਤ ਹੈ ਉਹਦੇ ਬੁਲ੍ਹਾਂ 'ਚੋਂ,
ਨਿਕਲੇ ਬੋਲ ਜੋ ਰੱਬੀ,
ਉਨ੍ਹਾਂ ਅਨੁਸਾਰ ਜੀਣਾ ਹੈ,
ਉਨ੍ਹਾਂ ਅਨੁਸਾਰ ਰਹਿਣਾ ਹੈ ।

ਦਰ ਪਰਵਾਣ ਹੋ ਜਾਣਾ,
ਇਬਾਦਤ ਦਾ ਫਲਸਫਾ ਹੈ।
ਮਿਲੇ ਉਹਦੀ ਜੋ ਦਰਬਾਨੀ,
ਜਿੰਦਗੀ ਦੀ ਸਫਲਤਾ ਹੈ।

ਇਬਾਦਤ ਆਪਣੇ ਦਿਲਬਰ ਦਾ ,
ਲਬਾਂ ਤੇ ਨਾਮ ਲੈਣਾ ਹੈ।
ਉਹਦੀ ਰੱਬੀ ਰਜ਼ਾ ਅੰਦਰ,
ਸਦਾ ਹੀ ਰਾਜ਼ੀ ਰਹਿਣਾ ਹੈ।

ਖੁੱਲ੍ਹੀ ਕਵਿਤਾ, ਜਿਸ ਵਿਚ ਪਿੰਗਲ ਦੇ ਨਿਯਮਾਂ ਤੋਂ ਸੁਤੰਤਰ, ਅਰਥਾਂ ਨੂੰ ਪਹਿਲ ਦਿਤੀ ਜਾਂਦੀ ਹੈ।
ਏਡਾ ......
ਅਲਬੇਲਾ
ਪਿਆਰਾ
ਮਨ-ਮੋਹਣਾ ਤੇ
ਨਿਆਰਾ
ਨਿਰ ਸੰਦੇਹ
ਖੁਦ-ਖੁਦਾ ਹੀ ਹੋਏਗਾ।
ਜਿਸਦੀ
ਇਕ ਝਲਕ ਨੇ ਮੈਨੂੰ
ਦੀਵਾਨਾ

Namdhari Elibrary NamdhariElibrary@gmail.com

ਮਸਤਾਨਾ ਕਰ
ਮੋਹ ਲਿਆ। ..
ਮੈਂ ਤੇ
ਮਦਹੋਸ਼
ਵਿਸਮਤ
ਅਚੰਭਿਤ-ਹੋਇਆ
ਉਸਨੂੰ ਵੇਖਦਾ ਹੀ ਰਹਿ ਗਿਆ।
ਉਹਦੀ ਦੀਦ ਮੇਰਾ ਸਿਮਰਨ
ਉਹਦੇ ਬੋਲ ਮੇਰੀ ਜਿੰਦਗੀ
ਉਹਦੀ ਛੁਹ ਮੇਰੀ ਬੰਦਗੀ
ਹੋ ਨਿਬੜੀ।

ਭਾਈ ਸੰਤੋਖ ਸਿੰਘ ਜੀ ਬਾਹੋਵਾਲ 'ਸਤਿਗੁਰੂ ਬਿਲਾਸ' ਵਿਚ ਇਕ ਘਟਨਾ ਲਿਖਦੇ ਹਨ ਕਿ ਇਕ ਵੇਰ ਸਤਿਗੁਰੂ ਰਾਮ ਸਿੰਘ ਜੀ ਨੂੰ ਪੇਟ 'ਚ ਸੂਲ (ਤਿਖੀ ਪੇਟ ਦਰਦ) ਬਹੁਤ ਹੋਇਆ, ਠੀਕ ਹੋਏ ਤੇ ਸਿੱਖਾਂ ਅਰਜ਼ ਕੀਤੀ ਸੱਚੇ-ਪਾਤਸ਼ਾਹ ਜੀ ਇਹ ਕੀ ਕੌਤਕ ਸੀ?"

"ਜਿਹੜਾ ਦੁੱਖ ਸਿੱਖਾਂ ਦੇ ਹਿੱਸੇ ਆਇਆ ਸੀ, ਮੈਂ ਆਪਣੇ ਸ਼ਰੀਰ ਤੇ ਝੱਲ ਲਿਆ ਹੈ"। ਸਤਿਗੁਰੂ ਰਾਮ ਸਿੰਘ ਜੀ ਨੇ ਖੁਲਾਸਾ ਕੀਤਾ।

-ਦੁੱਖ ਸੇਵਕਾਂ ਦੇ ਸਹੇ ਆਪਣੇ ਤੇ,
ਤੇਰੇ ਜਿਹਾ ਤੂਹੀਂ ਬਖਸ਼ਣਹਾਰ ਸਤਿਗੁਰ।

ਸੰਨ ੨੦੦੬ ਸਿਤੰਬਰ ਵਿਚ ਸ੍ਰੀ ਸਤਿਗੁਰੂ ਜੀ ਦੇ ਗੋਡੇ ਤੇ ਸੱਟ ਲੱਗ ਗਈ। ਕਈ ਮਹੀਨੇ ਬਹੁਤ ਤਕਲੀਫ ਸਹਿਣੀ ਪਈ। ਇਸ ਸਮੇਂ ਬਾਰੇ ਲਾਇਲ ਜੀ ਨੇ ਲਿਖਿਆ-

ਪਤਾ ਨਹੀਂ ਦੁਖ ਕੇਡਾ ਕੁ ਸੀ, ਕਿਸ ਕਿਸ ਨੇ ਲੇਖ ਲਖਾਇਆ।
ਤੁਸਾਂ ਜੋ ਆਪਣੇ ਤਨ ਤੇ ਲੈ ਕੇ, ਕਿਸ ਕਿਸ ਤਾਂਈ ਬਚਾਇਆ।

ਆਖਰੀ ਕੁਝ ਵਰ੍ਹੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਿਰਸ਼ਬਦ ਸਮਾਧੀ ਲੀਨ ਹੋਣ ਦਾ ਸਾਂਗ ਧਾਰਿਆ । ਪਰ


Namdhari Elibrary NamdhariElibrary@gmail.com

ਸਿੱਖੀ-ਸਿਦਕ ਏਸੇ ਦਾ ਨਾਉਂ ਹੈ -'ਸਰਬ ਕਾਲ ਸਰਬ ਠਉਰ ਏਕ ਸੇ ਲਗਤ ਹੋ'।
ਏਸੇ ਤਰ੍ਹਾਂ ਦੀ ਸਿਦਕ ਦਿਲੀ ਲੇਖਕ ਦੇ ਹਿਰਦੇ ਦੀ ਭਾਵਨਾ ਹੈ-

ਮੰਨਿਆ ਕਿ "ਤੂੰ" ਖਾਮੋਸੀ ਦੇ, ਆਲਮ ਵਿਚ ਖੁਸ਼ ਰਹਿਨੈਂ।
ਖਾਮੋਸ਼ੀ ਦੀ ਮੁਦਰਾ ਵਿਚ ਵੀ, ਬੜਾ ਕੁਝ ਹੀ ਕਹਿਨੈਂ।
ਸਤਿ -ਸੰਤੋਖ, ਸਹਿਜ ਧੁਨ ਧੀਰਜ, ਨਿਰਛਲ, ਨਿਰਮਲ ਕਰਨੀ।
ਇਹ ਸਾਰੇ ਸੰਦੇਸ਼ ਤੂੰ ਸਾਨੂੰ, ਇਸੇ ਰੂਪ 'ਚ ਦੇਨੈਂ॥
ਪਰ ਸਿੱਖ ਦੀ ਵੇਦਨਾ , ਇਕ ਤਰਲਾ ਹੈ ਕਿ ਹੇ ਸੱਚੇ-ਪਾਤਸਾਹ ਸਾਨੂੰ ਪਹਿਲਾਂ ਵਾਂਗ ਹੀ ਨਿਵਾਜੋ-
ਕਦੇ ਨਜ਼ਰ ਹੀ ਮਿਲਾਵੇਂ, ਜਰਾ ਵੇਖ ਮੁਸਕਰਾਵੇਂ।
ਦੋ ਬੋਲ ਸਾਂਝੇ ਕਰ ਲਏਂ, ਸਦ ਕੋਲ ਹੀ ਬਿਠਾਵੇਂ।
ਮੁੱਦਤ ਹੀ ਹੋ ਗਈ ਏ, ਤੇਰੀ ਛੁਹ ਮਾਣਿਆਂ ਨੂੰ।
ਕਰ ਕੰਵਲ ਜੇ ਨਹੀਂ ਤਾਂ, ਜਰਾ ਚਰਨ ਹੀ ਛੁਹਾ ਦੇ।
ਪ੍ਰੇਮ ਦੇ ਸਾਗਰ ਸਤਿਗੁਰੂ ਜਗਜੀਤ ਸਿੰਘ ਦੀਆਂ ਬਖਸ਼ਿਸ਼ਾਂ ਦਾ ਅਨੰਦ ਮਾਣਦੇ ਗੁਰਸਿੱਖਾਂ ਲਈ ਉਹ ਸਮਾਂ ਇਸ ਧਰਤੀ 'ਤੇ ਹੀ ਸਵਰਗ ਸੀ, ਬੈਕੁੰਠ ਸੀ, ਜਦੋਂ ਗਰੀਬ ਨਿਵਾਜ਼ ਦੀ ਚਰਨ- ਸ਼ਰਨ ਦਾ ਆਨੰਦ ਮਾਣਦੇ ਸਾਂ,
ਲੇਖਕ ਉਹ ਭਾਗਾਂ ਭਰੇ ਸਮੇਂ ਨੂੰ ਬਿਆਨਦਾ ਹੈ-
ਤੇਰੇ ਬੋਲ ਸੁਣੀਂਦੇ ਸਾਂ ਨਿੱਤ ਕੋਲ ਬਹੀਂਦੇ ਸਾਂ,
ਤੁਸੀਂ ਬਚਨ ਸੁਣਾਉਂਦੇ ਸਓ, ਹੁੰਗਾਰਾ ਭਰਦੇ ਸਾਂ
ਤੁਸੀਂ ਦੁੱਖ ਸੁੱਖ ਪੁੱਛਦੇ ਸਓ, ਮਨ ਹੌਲਾ ਕਰਦੇ ਸਾਂ
ਤੁਸੀਂ ਖੁਸ਼ੀਆਂ ਵੰਡਦੇ ਸਓ, ਅਸੀਂ ਝੋਲੀਆਂ ਭਰਦੇ ਸਾਂ

ਤੇਰੀ ਛੁਹ ਅਗੰਮੀ ਲੈ ਦੁੱਖਾਂ ਨੂੰ ਹਰਦੇ ਸਾਂ॥
ਇਹ ਵਸਲ ਦਾ ਅਨੰਦ ਸੀ...
ਚਰਨ ਕਵਲ ਕੀ ਮਉਜ ਕੋ ਕਹਿ ਕੈਸੇ ਉਨਮਾਨ।
ਕਹਿਬੇ ਕੋ ਸੋਭਾ ਨਹੀ ਦੇਖਾ ਹੀ ਪਰਵਾਨ।

ਪ੍ਰੇਮ ਦੀ ਸ਼ਿਖਰ ਜਾਪਦੀ ਸੀ, ਪਰ ਸ਼ਾਇਦ ਸੰਪੂਰਨਤਾ ਨਹੀਂ ਸੀ। ਪ੍ਰੇਮ ਦੇ ਸਿੱਕੇ ਦੇ ਦੋ ਪਾਸੇ ਹਨ ਵਸਲ ਅਤੇ ਵਿਛੋੜਾ, ਮਿਲਣਾ ਅਤੇ ਵਿਛੜਨਾ। ਸਾਹਿਬ ਗੁਰੂ ਗੋਬਿੰਦ ਸਿੰਘ ਜੀ ਕ੍ਰਿਸ਼ਨਾਵਤਾਰ ਵਿੱਚ ਲਿਖਦੇ ਹਨ ਕਿ ਜਦੋਂ ਲੰਬੀ ਜੁਦਾਈ

Namdhari Elibrary NamdhariElibrary@gmail.com

ਪਿੱਛੋਂ ਭਗਵਾਨ ਕ੍ਰਿਸਨ ਜੀ, ਗੋਪੀਆਂ ਨੂੰ ਮਿਲੇ ਤਾਂ ਆਪ ਨੇ ਫੁਰਮਾਇਆ-
ਕ੍ਰਿਸ਼ਨ ਉਵਾਚ ਕੀਓ ਤਬ ਹੀ ਛਿਨ ਕਹਿਓ ਗਿਆਨ ਸਿਖ ਲੇਹੁ,
ਮਿਲ ਬਿਛਰਨ ਦੋਊ ਐ ਜਗ ਮੈ ਮਿਥਿਆ ਤਨ ਅਸਨੇਹੁ ॥

ਪ੍ਰੇਮ ਦਾ ਸਰੀਰ ਤੋਂ ਪਾਰ ਹੋ ਕੇ ਆਤਮਕ ਸਬੰਧ ਹੋਣਾ, ਰੂਹ ਦੇ ਪਿਆਰ ਦਾ ਅਹਿਸਾਸ ਵਿਛੋੜੇ ਵਿੱਚ ਹੀ ਹੁੰਦਾ ਹੈ। ਵਿਯੋਗ ਨੂੰ 'ਵਿਸ਼ੇਸ਼ ਯੋਗ' ਵੀ ਆਖਿਆ ਗਿਆ ਹੈ। ਵੈਰਾਗ, ਰੂਹ ਨੂੰ ਕੁੰਦਨ ਕਰ ਦਿੰਦਾ ਹੈ। 'ਜਿਸ ਤਨ ਬਿਰਹਾ ਨ ਉਪਜੈ, ਸੋ ਤਨ ਜਾਣ ਮਸਾਨ।' ਜਿਸ ਹਿਰਦੇ ਵਿੱਚ ਵਿਛੋੜੇ ਦੀ ਕਸਕ ਨਹੀਂ, ਉਸ ਸਰੀਰ ਨੂੰ ਤਾਂ ਮਸਾਨ ਆਖਿਆ ਹੈ। ਵਿਛੋੜੇ ਦੀ ਅਵਸਥਾ ਵਿੱਚ ਹੀ ਸਤਿਗੁਰੂ ਅੰਗਦ ਦੇਵ ਜੀ ਲਿਖਦੇ ਹਨ-

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ। ਧ੍ਰਿਗੁ ਜੀਵਣ ਸੰਸਾਰਿ ਤਾਕੈ ਪਾਛੈ ਜੀਵਣਾ। ਅਤੇ ਗੁਰੂ ਹਰੀ ਸਿੰਘ ਜੀ ਨੇ ਤਾਂ 'ਬਿਰਹੋਂ ਬੁਰੇ ਰੋਗ ਮਾਹਿ ਨੇਤਰ ਗਵਾਇ ਲੇ'। ਬਿਰਹਾ ਪ੍ਰੇਮ ਦਾ ਬ੍ਰਹਿਮੰਡੀ ਵਿਸਥਾਰ ਹੈ। ਵੈਰਾਗ ਅਵਸਥਾ ਹੀ ਪ੍ਰੇਮ ਦੀ ਸੰਪੂਰਨਤਾ ਹੈ। ਬਿਰਹਾ ਹਿਰਦੇ ਨੂੰ ਏਨਾ ਨਿਰਮਲ ਕਰ ਦਿੰਦਾ ਹੈ ਕਿ ਆਪਣਾ ਪਿਆਰਾ ਜਿਸ ਨੂੰ ਰੱਬ ਜਾਣ ਕੇ ਮੰਨਿਆ ਹੋਵੇ, ਜਿਸ ਦੇ ਦਰਸ਼ਨ 'ਚੋਂ ਬ੍ਰਹਿਮੰਡ ਦਿਸਦਾ ਹੋਵੇ। ਉਹ ਭਾਣਾਂ ਵਰਤਾ ਜਾਵੇ 'ਜਲ ਕਾ ਜਲ ਹੂਆ ਸੰਪੂਰਨ ਥੀਆ ਰਾਮ' ਹੋ ਜਾਵੇ ਤਾਂ ਉਹ ਪਿਆਰਾ ਸਤਿਗੁਰੂ ਬ੍ਰਹਿਮੰਡ ਵਿੱਚ ਪਸਰਿਆ ਜਾਪਦਾ ਹੈ ਪਰ ਇਸ ਅਵਸਥਾ ਤੱਕ ਪੁੱਜਣ ਲਈ ਬਿਰਹਾ ਦੀ ਅਗਨੀ ਵਿੱਚ ਪ੍ਰੇਮ ਇਸੇ ਤਰਾਂ ਤਪਦਾ ਹੈ ਕਿ ਜਿਵੇਂ ਪਹਾੜਾਂ 'ਤੇ ਪਈ ਬਰਫ਼ ਸੂਰਜ ਦੀ ਤਪਸ਼ ਨਾਲ ਪਿਘਲ ਕੇ ਤਰਲ ਹੋ ਕੇ ਨਦੀਆਂ ਬਣ ਵਹਿੰਦੀ ਹੈ। ਧਰਤੀ ਨੂੰ ਹਰਿਆਵਲ ਬਖਸ਼ਦਿਆਂ ਸਹੁ ਸਾਗਰ ਵਿੱਚ ਜਾ ਮਿਲਦੀ ਹੈ। ਸੂਰਜ ਦੀ ਤਪਸ਼ ਠੋਸ ਨੂੰ ਤਰਲ ਅਤੇ ਤਰਲ ਨੂੰ ਭਾਫ਼ ਬਣਾ ਕੇ ਉੱਡਣ ਲਾ ਦਿੰਦੀ ਹੈ। ਪਾਣੀ ਦੀਆਂ ਸਾਰੀਆਂ ਖਾਮੀਆਂ ਹੇਠਾਂ ਹੀ ਰਹਿ ਜਾਂਦੀਆਂ ਹਨ, ਭਾਫ਼ ਬਣਿਆ ਸ਼ੁੱਧ ਪਾਣੀ ਆਕਾਸ਼ ਵਿੱਚ ਫ਼ੈਲ ਜਾਂਦਾ ਹੈ, ਜਿਵੇਂ ਢੇਰ ਚਿਰ ਦੇ ਵਿਛੋੜੇ ਪਿੱਛੋਂ ਪ੍ਰੀਤਮ ਦਾ ਦਰਸ਼ਨ ਹੋ ਜਾਵੇ ਤਾਂ ਠੰਡ ਪੈ ਜਾਂਦੀ ਹੈ, ਖੁਸ਼ੀਆਂ ਦੇ ਵਾਜੇ ਵੱਜਦੇ ਹਨ, ਇਸੇ ਤਰਾਂ ਭਾਫ ਬਣਿਆ ਪਾਣੀ ਰੱਬੀ ਰਹਿਮਤ ਪਾ ਕੇ ਬੱਦਲਾਂ ਦਾ ਰੂਪ ਧਾਰਦਾ ਹੈ, ਅਨਹਦ ਨਾਦ ਦੀ ਗਰਜਨਾ ਅਤੇ ਪ੍ਰੇਮ ਦੇ ਝਲਕਾਰੇ ਚਮਕਦੇ ਹਨ ਅਤੇ ਰਹਿਮਤ ਬਣ ਬਰਸਦਾ ਹੈ।

ਮੀਹੁ ਪਇਆ ਪਰਮੇਸਰਿ ਪਾਇਆ।
ਜੀਅ ਜੰਤ ਸਭ ਸੁਖੀ ਵਸਾਇਆ॥

ਸੂਰਜ ਦੀ ਤਪਸ਼ ਨਾਲ ਠੋਸ ਤੋਂ ਤਰਲ ਬਣ ਵਹਿਣਾ ਅਤੇ ਤਰਲ ਜੋ ਹਮੇਸ਼ਾਂ ਨਿਵਾਨ ਨੂੰ ਜਾਂਦਾ ਹੈ ਉੱਡਣ ਲੱਗ ਜਾਣਾ, ਸ਼ੁੱਧ ਹੋ ਕੇ ਪ੍ਰਭੂ- ਮਿਹਰ ਦੁਆਰਾ ਮੁੜ ਬਰਸਦਾ ਹੈ। ਇਸੇ ਤਰਾਂ ਪ੍ਰੇਮ ਪਰੁੰਚਾ ਹਿਰਦਾ ਬਿਰਹਾ ਅਗਨ ਵਿੱਚ ਤਪ ਕੇ ਸੁੱਧ ਹੋ ਜਾਂਦਾ ਹੈ, ਕੁੰਦਨ ਹੋ ਕੇ ਵਿਕਾਰ, ਰਹਿਤ, ਕਲਿਆਣਕਾਰੀ ਹੋ ਜਾਂਦਾ ਹੈ। ਬਿਰਹਾ ਹਿਰਦੇ ਨੂੰ ਨਿਰਮਲ ਕਰ ਦਿੰਦਾ ਹੈ, ਵੈਰਾਗ ਤੋਂ ਤਿਆਗ ਉਪਜਦਾ ਹੈ, ਅਵਸਥਾ ਵਿਰਕਤ ਹੋ ਜਾਂਦੀ ਹੈ। ਸਰੀਰਕ ਪ੍ਰੇਮ, ਆਤਮਕ ਮਿਲਾਪ ਦਾ ਰੂਪ ਧਾਰਦਾ ਹੈ।


Namdhari Elibrary NamdhariElibrary@gmail.com

ਇਸ਼ਕ ਮਿਜ਼ਾਜੀ ਤੋਂ ਇਸਕ ਹਕੀਕੀ ਤੱਕ ਦੀ ਅਵਸਥਾ ਦਾ ਮਾਰਗ ਵੈਰਾਗ ਹੀ ਹੈ। ਇਸੇ ਤਰਾਂ ਦੀ ਵੈਰਾਗ ਮਈ ਅਵਸਥਾ ਦਾ ਅਨੁਭਵ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਲੋਕ ਗਵਨ ਉਪਰੰਤ ਇਨ੍ਹਾਂ ਰਚਨਾਵਾਂ ਵਿੱਚ ਪੜ੍ਹਨ ਨੂੰ ਮਿਲਦਾ ਹੈ- ਉਹ ਅਵਸਥਾ ਜੋ ਉਸ ਵੇਲੇ ਹਰ ਗੁਰੂ ਪ੍ਰੇਮੀ ਸਿੱਖ ਦੀ ਸੀ। ਉਸ ਨੂੰ ਸ਼ਬਦਾਂ ਦਾ ਰੂਪ ਦਿੱਤਾ ਹੈ, ਲਾਇਲ ਜੀ ਨੇ
ਰਾਤੀਂ ਸੌਣ ਤੋਂ ਪਹਿਲਾਂ ਤੁਸਾਂ ਨੂੰ ਯਾਦ ਕੀਤਾ ਸੀ।
ਖ਼ੁਾਬਾਂ ਵਿੱਚ ਆਉਣੇ ਦਾ ਤੁਸਾਂ ਇਕਰਾਰ ਕੀਤਾ ਸੀ।
ਬੂਹੇ ਪਲਕਾਂ ਦੇ ਢੋਏ ਮੈਂ ਉਡੀਕਾਂ ਕਰਨ ਸਾਂ ਲੱਗਾ।
ਤੇਰੀ ਯਾਦ ਵਿੱਚ ਪ੍ਰੀਤਮ ਮੈਂ ਹਉਕੇ ਭਰਨਾ ਸਾਂ ਲੱਗਾ।
ਵਗੇ ਅੱਥਰੂ ਸੀ ਅੱਖੀਆਂ 'ਚੋਂ ਨਦੀ ਦੇ ਨੀਰ ਦੇ ਵਾਂਗੂੰ।

ਚੁੱਭੇ ਯਾਦਾਂ ਦੇ ਨਸ਼ਤਰ ਨੁਕੀਲੇ ਤੀਰ ਦੇ ਵਾਂਗੂੰ।
ਇਹ ਗਾਥਾ ਨਾ ਮੇਰੀ ਹੈ, ਇਹ ਹਰੇਕ ਸਿੱਖ ਦੀ ਹੈ।
ਇਹੋ ਹੈ ਵੇਦਨਾ ਸਭ ਦੀ ਮੇਰੀ ਤਾਂ ਕਲਮ ਲਿਖਦੀ ਹੈ।
ਕਿਸੇ ਗੀਤ ਦੇ ਬੋਲ ਪ੍ਰੀਤ ਦੀ ਰੀਤ ਸੰਭਾਲੀ ਬੈਠੇ ਹਨ:
ਤੇਰੀਆਂ ਪ੍ਰੀਤਾਂ ਅਸਾਂ ਸਾਹਾਂ 'ਚ ਪਾਲੀਆਂ,
ਮੋਹ ਤੇ ਮੁਹੱਬਤਾਂ ਨੇ ਦਿਲ 'ਚ ਸੰਭਾਲੀਆਂ॥
ਇਹ ਗੀਤ 'ਸਾਜ਼ ਨਿਵਾਜ਼' ਦਾ ਸੰਗੀਤ ਯਾਦ ਕਰਦੇ ਹਨ-

ਗੀਤ ਤੇ ਸੰਗੀਤ ਤੇਰਾ ਫੁੱਲ ਪੱਤੇ ਗਾਂਵਦੇ,
ਵਣਾਂ ਦੇ ਪੰਖੇਰੂ ਬਲਿਹਾਰੇ ਤੈਥੋਂ ਜਾਂਵਦੇ।
ਦੇਂਦੀਆਂ ਅਵਾਜ਼ ਤੈਨੂੰ ਬਿਰਖਾਂ ਦੀਆਂ ਡਾਲੀਆਂ॥
'ਤੂ ਤੂ ਕਰਤਾ ਤੂ ਹੂਆ' ਦੀ ਅਵਸਥਾ ਪ੍ਰਾਪਤ ਕਰਨ ਲਈ ਇੱਕ ਗੁਰ ਸਿੱਖ ਹਿਰਦੇ ਦੀ ਅਰਦਾਸ ਬਿਆਨ ਕੀਤੀ ਹੈ-
ਜਿੱਧਰ ਵੇਖਾਂ ਜਿਹਨੂੰ ਵੇਖਾਂ ਤੇਰਾ ਹੀ ਰੂਪ ਵੇਖਾਂ ਮੈਂ,
ਹਰ ਬੰਦੇ 'ਚੋਂ, ਜਰਰੇ 'ਚੋਂ ਤੇਰਾ ਸਰੂਪ ਵੇਖਾਂ ਮੈਂ।
ਗੁਰੂ ਸ਼ਰਧਾ ਦੀ ਅੱਖ ਦਾ ਅਨੁਭਵ ਹੈ। ਨੁਕਤਾਚੀਨੀ, ਕਿੰਤੂ- ਪ੍ਰੰਤੂ ਦੀ ਦ੍ਰਿਸ਼ਟੀ ਗੁਰੂ ਦੇ ਸਫਲ ਦਰਸ਼ਨ ਵਿੱਚ ਸਭ ਤੋਂ ਵੱਡਾ ਅੜਿੱਕਾ ਹੈ-
ਕਿਸੇ ਨੂੰ ਜਗ ਰਹੀ ਹਰ ਚੀਜ਼ 'ਚੋਂ ਸੂਰਜ ਨਜਰ ਆਵੇ।
ਕਿਸੇ ਨੂੰ ਪੁੰਨਿਆਂ ਦਾ ਚੰਨ ਵੀ ਅਸਲੀ ਨਹੀਂ ਲਗਦਾ॥

ਪਰ ਲਾਇਲ ਜੀ 'ਜੋਤਿ ਓਹਾ ਜੁਗਤਿ ਸਾਇ,
ਸਹਿ ਕਾਇਆ ਫੇਰਿ ਪਲਟੀਐ। - ਗੁਰਵਾਕ ਅਨੁਸਾਰ ਸਤਿਗੁਰੂ ਉਦੇ ਸਿੰਘ ਜੀ ਦੇ ਦਰਸ਼ਨ 'ਚੋਂ ਸਤਿਗੁਰੂ ਜਗਜੀਤ ਸਿੰਘ ਦੀ ਝਲਕ ਵੇਖਦੇ ਹਨ- 'ਆਦਿ ਅੰਤਿ ਮਧਿ ਪ੍ਰਭੁ ਸੋਈ, ਅਤੇ 'ਆਦਿ ਅੰਤਿ ਏਕੈ ਅਵਤਾਰਾ' ਗੁਰਵਾਕਾਂ ਅਨੁਸਾਰ ਲੇਖਕ ਪੂਰਵ ਸਤਿਗੁਰੂ- ਸਾਹਿਬਾਨ ਦੀ ਝਲਕ ਹਾਜ਼ਰਾ- ਹਜ਼ੂਰ 'ਚੋਂ ਵੇਖਦਾ ਹੈ-

ਮੁੱਖ ਮੰਡਲ ਤੇਰੇ 'ਚੋਂ ਸਾਨੂੰ ਵੱਡ ਪ੍ਰਤਾਪੀ ਦਿੱਸੇ,
ਸੀਰਤ ਸੂਰਤ ਗੁਰ ਜਗਜੀਤ ਦੀ, ਆਈ ਤੇਰੇ ਹਿੱਸੇ,
ਹਿਰਦੇ ਠੰਡ ਬੋਲ ਜੋ ਪਾਉਂਦੇ, ਜਾਮੇ ਜੋਤ ਦੇ ਲਗਦੇ,
ਜਾਹੋ ਜਲਾਲ ਰਾਮ ਗੁਰ ਜੈਸਾ, ਸਭ ਜਗ ਗਾਵੇ ਕਿੱਸੇ।

ਪ੍ਰੇਮ ਅਵਸਥਾ ਵਿੱਚ ਦੂਸਰਾ ਨਹੀਂ ਦਿਸਦਾ, ਸਗੋਂ ਆਪਣਾ ਆਪ ਵੀ ਗਵਾਚ ਜਾਂਦਾ ਹੈ ਇਸ ਲਈ ਇਨ੍ਹਾਂ ਰਚਨਾਵਾਂ ਵਿੱਚ ਲੇਖਕ ਦਾ ਨਾ ਹੀ ਕਿਤੇ ਨਾਮ ਹੈ, ਨਾ ਹੀ ਕੋਈ ਤਖ਼ੱਲਸ, ਹਰ ਸ਼ਬਦ ਵਿਚ ਆਪਣੇ ਪਿਆਰੇ ਰਹਿਬਰ ਸਤਿਗੁਰੂ ਦਾ ਨਾਮ ਹੈ, ਪ੍ਰੇਮ ਹੈ,ਯਾਦਾਂ ਹਨ, ਵੈਰਾਗ ਹੈ। ਇਹ ਰਚਨਾਵਾਂ ਪੜ੍ਹਦਿਆਂ ਸੁਣਦਿਆ ਹਰ ਗੁਰ-ਸਿੱਖ ਮਹਿਸੂਸ ਕਰਦਾ ਹੈ ਕਿ ਇਹ ਤੇ ਮੇਰੇ ਦਿਲ ਦੀ ਗਲ ਕੀਤੀ ਹੈ। 'ਸਾਜ਼ ਨਿਵਾਜ਼' ਕਾਵਿ ਸੰਗ੍ਰਹਿ ਦੇ ਸ਼ਬਦ ਸ੍ਰ. ਅਜੀਤ ਸਿੰਘ ਲਾਇਲ ਦੇ ਹਨ ਪਰ ਇਨ੍ਹਾਂ ਵਿਚ ਲੱਖਾਂ ਗੁਰੂ ਚਰਨਾਂ ਦੇ ਭੌਰੇ ਸਿੱਖਾਂ ਦੀ ਪ੍ਰੇਮ ਅਤੇ ਸਰਧਾ ਭਾਵਨਾ ਸਮੋਈ ਹੋਈ ਹੈ। ਸਤਿਗੁਰੂ ਸੱਚੇ ਪਾਤਸ਼ਾਹ ਕਿਰਪਾ ਕਰਨ: ਢਾਈ ਅੱਖਰ ਪ੍ਰੇਮ ਦੇ ਸਾਡੇ ਸਭ ਦੇ ਹਿਰਦਿਆਂ ਵਿਚ ਵੱਸ ਜਾਣ ਅਤੇ ਅਸੀਂ ਸਦਾ ਸਦਾ ਵਾਸਤੇ ਪ੍ਰੇਮ ਦੇ ਸੋਮੇਂ ਸਾਜ਼ ਨਿਵਾਜ਼ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰੇਮ ਰੰਗ ਦੇ ਅਨਹਦ-ਨਾਦ ਨਾਲ ਇਕ-ਸੁਰ ਹੋ ਕੇ ਉਸ ਤੱਕ ਪਹੁੰਚ ਸਕੀਏ, ਉਸ ਵਿੱਚ ਸਮਾ ਸਕੀਏ।

-ਹਰਪਾਲ ਸਿੰਘ 'ਸੇਵਕ'
ਸ੍ਰੀ ਭੈਣੀ ਸਾਹਿਬ



Namdhari Elibrary NamdhariElibrary@gmail.com

ਗੁਰੂ ਪ੍ਰੇਮ 'ਚ ਭਿੱਜੀ ਰੂਹ ਦੀਆਂ ਮਨੋ ਭਾਵਨਾਵਾਂ ਦੀਆਂ ਤਾਰਾਂ ਦੇ ਸੁਰ ਹੋਏ ਸਾਜ਼ ਵਾਂਗ ਨੇ ਅਜੀਤ ਸਿੰਘ ਲਾਇਲ ਹੁਰਾਂ ਦੇ ਉਚਾਰੇ ਕਾਵਿ-ਬੋਲ ਜੋ ਹਵਾ ਦੇ ਕੋਲੋਂ ਲੰਘਣ ਨਾਲ ਹੀ ਸੁਰ-ਲਹਿਰੀ ਖਿਲਾਰਦੇ ਨੇ।

ਗੁਰੂ ਪ੍ਰੀਤਮ ਦੀ ਤੱਕਣੀ ਕੁੱਲ ਉਦਾਸੀ-ਤਨਹਾਈ ਹਰ ਲੈਂਦੀ ਹੈ, ਆਨੰਦ ਦੇ ਉਸ ਆਲਮ 'ਚ ਕਲਮ ਆਪ ਮੁਹਾਰੀ ਕਾਗਦੁ ਤੇ ਪ੍ਰੇਮਗੀਤ ਲਿਖਦੀ ਹੈ, ਮਨ ਦਾ ਮੋਰ ਪੈਲ ਪਾਉਣ ਲੱਗਦਾ ਹੈ ਤੇ ਕਵੀ ਮਨ ਉਚਾਰਦਾ ਹੈ:-

'ਤੂੰ ਦਿੱਸੇਂ ਤਾਂ ਦਿਨ ਚੜ੍ਹਦਾ ਏ
ਤੂੰ ਰੁੱਸੇਂ ਤਾਂ ਕਿਆਮਤ
ਤੂੰ ਬੋਲੇਂ ਤਾਂ ਧਰਤੀ ਮੌਲਦੀ ਏ
ਤੂੰ ਵੇਖੇਂ ਤਾ ਰਿਮ ਝਿਮ ਦੀ ਫੁਹਾਰ
ਤੂੰ ਖ਼ਾਮੋਸ਼ ਜੀਕੂੰ ਪਤਝੜ ਦਾ ਆਲਮ
ਪੱਸਰਿਆ ਹੋਵੇ ਚੁਫੇਰੇ
ਤੂੰ ਹੱਸੇਂ ਤਾਂ ਕਾਇਨਾਤ ਖਿੜੀ ਖਿੜੀ ਜਾਪੇ
ਕਿਤੇ ਛੁਹ ਬਖ਼ਸ਼ੇਂ ਤਾਂ ਖ਼ੁਦਾਈ ਵਾਰ ਦੇਈਏ
ਤੇਰੀ ਛੁਹ ਤੋਂ ਹਯਾਤੀ ਕੁਰਬਾਨ ਕਰ ਦੇਈਏ'

ਗੁਰੂ ਪ੍ਰੀਤਮ ਦੀ ਨਦਰਿ ਦਾ ਇਸ਼ਕ ਹੈ ਹੀ ਐਸਾ, ਮੀਰਾ ਬਾਈ ਦੇ ਬੋਲ ਨੇ:-

'ਜੋ ਪਹਰਾਵੇ ਸੋਈ ਪਹਿਰੂੰ ਜੋ ਦੇ ਸੋਈ ਖਾਊਂ
ਮੇਰੀ ਉਨਕੀ ਪ੍ਰੀਤ ਪੁਰਾਣੀ ਉਣ ਬਿਨ ਪਲ ਨਾ ਰਹਾਊਂ
ਜਹਾਂ ਬੈਠਾਵੇ ਤਿਤਹੀ ਬੈਠੂੰ ਬੇਚੈ ਤੋ ਬਿਕ ਜਾਊਂ
ਮੀਰਾ ਕੇ ਪ੍ਰਭੂ ਗਿਰਧਰ ਨਾਗਰ ਬਾਰ ਬਾਰ ਬਲਿ ਜਾਊਂ'

ਅਜੀਤ ਸਿੰਘ ਲਾਇਲ ਹੁਰਾਂ ਦੇ ਇਸ਼ਕ ਨੂੰ ਸਲਾਮ ! ਉਨ੍ਹਾਂ ਦੀ ਕਲਮ ਦੇ ਪਹਿਲੇ ਕਾਵਿ-ਪਰਾਗੇ ਨੂੰ ਖ਼ੁਸ਼ਾਮਦੀਦ !!

-ਸਵਰਨਜੀਤ ਸਵੀ

Namdhari Elibrary NamdhariElibrary@gmail.com

ਆਪਣੇ ਗੁਰੂ ਮੁਰਸ਼ਦ ਇਸ਼ਟ ਮਹਿਬੂਬ ਸਤਿਗੁਰੂ ਜਗਜੀਤ ਸਿੰਘ ਦੇ ਪਿਆਰ ਵਿਚ ਭਿੱਜ ਕੇ
ਕਵੀ ਅਜੀਤ ਸਿੰਘ ਲਾਇਲ ਜੀ ਨੇ ਇਸ ਪੁਸਤਕ ਦੀਆਂ ਸਤਰਾਂ ਲਿਖੀਆਂ ਹਨ ।
ਕਿਤੇ ਇਹ ਬਿਰਹਾ ਦੇ ਥਲ ਉੱਤੇ ਸਾਦਿਕ ਮੁਸਾਫ਼ਰ ਦੀਆਂ ਪੈੜਾਂ ਜਿਹੀਆਂ ਹਨ ।
ਕਿਤੇ ਇਹ ਬਿਰਖਾਂ ਉੱਤੇ ਬਰਸਦੀਆਂ ਕਣੀਆਂ ਜਿਹੀਆਂ ਹਨ ।
ਕਿਤੇ ਇਹ ਪੱਤਰ-ਹੀਣ ਸ਼ਾਖ਼ਾਂ ਵਿਚੋਂ ਪੁੰਗਰਦੀਆਂ ਹਰੀਆਂ ਮਹੀਨ ਕਰੂੰਬਲਾਂ ਜਿਹੀਆਂ ਹਨ ।
ਸਾਜ਼ਨਵਾਜ਼ ਸਤਿਗੁਰੂ ਦੀ ਛੁਹ, ਨਦਰ, ਆਵਾਜ਼, ਖ਼ਿਆਲ, ਯਾਦ , ਧਿਆਨ, ਇਹ ਸਭ
ਵਜੂਦ ਦੇ ਸਾਜ਼ ਦੀਆਂ ਤਾਰਾਂ ਤਰਬਾਂ ਵਿਚੋਂ ਇਲਾਹੀ ਰਾਗ ਜਗਾ ਦਿੰਦੇ ਹਨ ।
ਇਹ ਵਜੂਦ ਦੇ ਸਾਜ਼ ਦੀ ਤੜਪਦੀ ਸ਼ਿੱਦਤ ਹੈ
ਇਹ ਸਾਜ਼ਨਵਾਜ਼ ਦੀ ਸਾਜ਼ਨਵਾਜ਼ੀ ਦਾ ਕਮਾਲ ਹੈ
ਕਿ ਇਹ ਸਾਜ਼ ਸੰਜੋਗ ਵਿਚ ਵੀ ਥਿਰਕਦਾ ਹੈ ਤੇ ਵਿਯੋਗ ਵਿਚ ਵੀ।
ਏਸ ਸਾਜ਼ ਦੀਆਂ ਤਾਰਾਂ ਕੋਹਾਂ ਦੂਰ ਵੀ ਜੁੜੀਆਂ ਰਹਿੰਦੀਆਂ ਹਨ ।
ਆਹਤ ਸਦਾ ਅਨਾਹਤ ਦੇ ਸੰਜੋਗ ਲਈ ਤੜਪਦਾ ਹੈ
ਇਹ ਤੜਪ ਹੀ ਸ਼ਾਇਰੀ ਹੈ
ਇਹ ਤੜਪ ਹੀ ਸੰਗੀਤ ਹੈ
ਇਹ ਤੜਪ ਹੀ ਇਹ ਪੁਸਤਕ ਹੈ।
ਹਰ ਮਨ ਇਕ ਸਾਜ਼ ਹੈ ਜਿਸ ਵਿਚ ਕੁਦਰਤ ਅਤੇ ਸਭਿਆਚਾਰ ਨੇ ਸੁਰਤੀਆਂ ਤੇ ਬਿਰਤੀਆਂ ਦੀ ਸੁਰਾਂ ਸਜਾਈਆਂ ਹਨ। ਇਨ੍ਹਾਂ ਸੁਰਾਂ ਵਿਚੋਂ ਸਭ ਤੋਂ ਮਨਮੋਹਕ ਧੁਨਾਂ ਕੋਈ ਮਹਾਨ ਸਾਜ਼ਨਵਾਜ਼ ਹੀ ਸਿਰਜ ਸਕਦਾ ਹੈ, ਇਹ ਧੁਨਾਂ ਹੀ ਮਾਨਵ ਦੀ ਸ਼ਖ਼ਸੀਅਤ ਨੂੰ ਸਿਰਜਦੀਆਂ ਹਨ, ਉਸ ਦੀ ਜ਼ਿੰਦਗੀ ਨੂੰ ਅਰਥ ਦਿੰਦੀਆਂ ਹਨ ।ਇਸੇ ਲਈ ਕਵੀ ਜੀ ਨੇ ਆਪਣੇ ਇਸ਼ਟ ਮੁਰਸ਼ਦ ਸਤਿਗੁਰ ਨੂੰ ਸਾਜ਼ਨਵਾਜ਼ ਮੰਨਿਆ ਹੈ-ਵਜੂਦ, ਤਨ, ਮਨ, ਰੂਹ ਦਾ ਸਾਜ਼ਨਵਾਜ਼।

– ਸੁਰਜੀਤ ਪਾਤਰ

POETRY

SAAZ NAWAZ

9 789383 092352

AESTHETICS PUBLICATIONS
LUDHIANA NEW YORK BRAMPTON

RS. 350/-

Namdhari Elibrary NamdhariElibrary@gmail.com